ਸ੍ਰੀ ਗੁਰੂ ਤੇਗ ਬਹਾਦਰ
ਰਾਗ ਰਤਨਾਵਲੀ

ਪ੍ਰੋ. ਤਾਰਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

GURU TEGH BAHADUR RAG RATNAVALI *(Punjabi)*
by
Prof. Tara Singh

ISBN 81-7380-310-2

ਪਹਿਲੀ ਵਾਰ 1977 : 1100
ਦੂਜੀ ਵਾਰ 1996 : 1100
ਮੁੱਲ : 150-00

ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ
ਅਤੇ ਸਹਦੇਵਾ ਪ੍ਰਿੰਟ ਆਰਟਸ ਪ੍ਰਾ., ਲਿਮਿ., ਦਿੱਲੀ ਵਿਖੇ ਛਪੀ

ਤਤਕਰਾ

	ਮੁੱਖ-ਬੰਧ	*(iii)*
	ਭੂਮਿਕਾ	*(v)*
1.	ਸੁਰ ਲਿੱਪੀ ਦੇ ਚਿੰਨ੍ਹਾਂ ਦੀ ਜਾਣ-ਪਛਾਣ	1
2.	ਰਾਗ ਰਤਨਾਵਲੀ ਵਿਚ ਵਰਤੇ ਗਏ ਤਾਲ	3
3.	**ਰਾਗ ਗਉੜੀ (ਭੈਰਵ ਮੇਲ) ਪਰਿਚਯ ਅਤੇ ਸੁਰ ਵਿਸਤਾਰ**	6
4.	**ਰਾਗ ਗਉੜੀ ਪੂਰਵੀ ਮੇਲ ਪਰਿਚਯ ਅਤੇ ਸੁਰ ਵਿਸਤਾਰ**	8
5.	**ਰਾਗ ਗਉੜੀ (ਪੂਰਵੀ ਮੇਲ) (ਸ੍ਰੀ ਰਾਗ ਅੰਗ) ਪਰਿਚਯ ਅਤੇ ਸੁਰ ਵਿਸਤਾਰ**	9
	ਸਾਧੋ ਮਨ ਕਾ ਮਨੁ ਤਿਆਗਉ	14
	ਸਾਧੋ ਰਚਨਾ ਰਾਮ ਬਨਾਈ	16
	ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ	18
	ਸਾਧੋ ਇਹੁ ਮਨੁ ਗਹਿਓ ਨ ਜਾਈ	20
	ਸਾਧੋ ਗੋਬਿੰਦ ਕੇ ਗੁਨ ਗਾਵਉ	22
	ਕੋਉ ਮਾਈ ਭੂਲਿਓ ਮਨੁ ਸਮਝਾਵੈ	24
	ਸਾਧੋ ਰਾਮ ਸਰਨਿ ਬਿਸਰਾਮਾ	26
	ਮਨ ਰੇ ਕਹਾ ਭਇਓ ਤੈ ਬਉਰਾ	28
	ਨਰੁ ਅਚੇਤ ਪਾਪ ਤੇ ਡਰੁ ਰੇ	30
6.	**ਰਾਗ ਆਸਾ ਪਰਿਚਯ ਅਤੇ ਸੁਰ ਵਿਸਤਾਰ**	33
	ਬਿਰਥਾ ਕਹਉ ਕਉਨ ਸਿਉ ਮਨ ਕੀ	36
7.	**ਰਾਗ ਦੇਵਗੰਧਾਰੀ ਪਰਿਚਯ ਅਤੇ ਸੁਰ ਵਿਸਤਾਰ**	38
	ਯਹ ਮਨੁ ਨੈਕ ਨਾ ਕਹਿਓ ਕਰੈ	42
	ਸਭਿ ਕਿਛੁ ਜੀਵਤ ਕੋ ਬਿਵਹਾਰ	46
	ਜਗਤ ਮੈ ਝੂਠੀ ਦੇਖੀ ਪ੍ਰੀਤਿ	50
8.	**ਰਾਗ ਬਿਹਾਗੜਾ ਪਰਿਚਯ ਅਤੇ ਸੁਰ ਵਿਸਤਾਰ**	52
	ਹਰਿ ਕੀ ਗਤਿ ਨਹਿ ਕੋਉ ਜਾਨੈ	54
9.	**ਰਾਗ ਸੋਰਠਿ ਪਰਿਚਯ ਅਤੇ ਸੁਰ ਵਿਸਤਾਰ**	56
	ਰੇ ਮਨ ਰਾਮ ਸਿਉ ਕਰਿ ਪ੍ਰੀਤਿ	58
	ਮਨ ਕੀ ਮਨ ਹੀ ਮਾਹਿ ਰਹੀ	60
	ਮਨ ਰੇ ਕਉਨੁ ਕੁਮਤਿ ਤੈ ਲੀਨੀ	62
	ਮਨ ਰੇ ਪ੍ਰਭ ਕੀ ਸਰਨਿ ਬਿਚਾਰੋ	64
	ਪ੍ਰਾਨੀ ਕਉਨੁ ਉਪਾਉ ਕਰੈ	66

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ 68
ਮਾਈ ਮਨੁ ਮੇਰੋ ਬਸਿ ਨਾਹਿ 70
ਰੇ ਨਰ ਇਹ ਸਾਚੀ ਜੀਅ ਧਾਰਿ 72
ਇਹ ਜਗਿ ਮੀਤੁ ਨ ਦੇਖਿਓ ਕੋਈ 74
ਮਨ ਰੇ ਗਹਿਓ ਨ ਗੁਰੁ ਉਪਦੇਸੁ 76
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ 78
ਪ੍ਰੀਤਮ ਜਾਨਿ ਲੇਹੁ ਮਨ ਮਾਹੀ 80

10.11.12. **ਰਾਗ ਧਨਾਸਰੀ ਕਾਫ਼ੀ, ਭੈਰਵੀ ਅਤੇ ਪੂਰਵੀ ਮੇਲ ਪਰਿਚਯ ਤੇ ਸੁਰ ਵਿਸਤਾਰ** 82

ਕਾਹੇ ਰੇ ਬਨ ਖੋਜਨ ਜਾਈ 84
ਸਾਧੋ ਇਹੁ ਜਗੁ ਭਰਮ ਭੁਲਾਨਾ 86
ਤਿਹ ਜੋਗੀ ਕਉ ਜੁਗਤਿ ਨ ਜਾਨਉ 88
ਅਬ ਮੈ ਕਉਨੁ ਉਪਾਉ ਕਰਉ 90

13. **ਰਾਗ ਜੈਤਸਰੀ ਪਰਿਚਯ ਅਤੇ ਸੁਰ ਵਿਸਤਾਰ** 93

ਭੂਲਿਓ ਮਨੁ ਮਾਇਆ ਉਰਝਾਇਓ 96
ਹਰਿ ਜੂ ਰਾਖਿ ਲੇਹੁ ਪਤਿ ਮੇਰੀ 98
ਮਨ ਰੇ ਸਾਚਾ ਗਹੋ ਬਿਚਾਰਾ 100

14. **ਰਾਗ ਟੋਡੀ ਪਰਿਚਯ ਅਤੇ ਸੁਰ ਵਿਸਤਾਰ** 102

ਕਹਉ ਕਹਾ ਅਪਨੀ ਅਧਮਾਈ 104

15. **ਰਾਗ ਤਿਲੰਗ ਪਰਿਚਯ ਅਤੇ ਸੁਰ ਵਿਸਤਾਰ** 107

ਚੇਤਨਾ ਹੈ ਤਉ ਚੇਤ ਲੈ ਨਿਸ ਦਿਨਿ ਮੈ ਪ੍ਰਾਨੀ 110
ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ 112
ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ 114

16. **ਰਾਗ ਬਿਲਾਵਲੁ ਪਰਿਚਯ ਅਤੇ ਸੁਰ ਵਿਸਤਾਰ** 117

ਦੁਖ ਹਰਤਾ ਹਰਿ ਨਾਮੁ ਪਛਾਨੋ 120
ਹਰਿ ਕੇ ਨਾਮ ਬਿਨਾ ਦੁਖੁ ਪਾਵੈ 122
ਜਾ ਮੈ ਭਜਨੁ ਰਾਮ ਕੋ ਨਾਹੀ 124

17. **ਰਾਗ ਰਾਮਕਲੀ ਪਰਿਚਯ ਅਤੇ ਸੁਰ ਵਿਸਤਾਰ** 126

ਰੇ ਮਨ ਓਟਿ ਲੇਹੁ ਹਰਿ ਨਾਮਾ 128
ਸਾਧੋ ਕਉਨੁ ਜੁਗਤਿ ਅਬ ਕੀਜੈ 130
ਪ੍ਰਾਨੀ ਨਾਰਾਇਨਿ ਸੁਧਿ ਲੇਹ 132

18. **ਰਾਗ ਮਾਰੂ ਪਰਿਚਯ ਅਤੇ ਸੁਰ ਵਿਸਤਾਰ** 134

ਹਰਿ ਕੋ ਨਾਮੁ ਸਦਾ ਸੁਖਦਾਈ 138
ਅਬ ਮੈ ਕਹਾ ਕਰਉ ਰੀ ਮਾਈ 140
ਮਾਈ ਮੈ ਮਨ ਕੋ ਮਾਨੁ ਨ ਤਿਆਗਿਓ 142

19. **ਰਾਗ ਬਸੰਤ ਹਿੰਡੋਲ ਪਰਿਚਯ ਅਤੇ ਸੁਰ ਵਿਸਤਾਰ** 144

ਸਾਧੋ ਇਹ ਤਨੁ ਮਿਥਿਆ ਜਾਨਉ 146

20. **ਰਾਗ ਬਸੰਤ ਪਰਿਚਯ ਅਤੇ ਸੁਰ ਵਿਸਤਾਰ** 149

ਪਾਪੀ ਹੀਐ ਮੈ ਕਾਮੁ ਬਸਾਇ 154

	ਮਾਈ ਮੈ ਧਨੁ ਪਾਇਓ ਹਰਿ ਨਾਮੁ	156
	ਮਨ ਕਹਾ ਬਿਸਾਰਿਓ ਰਾਮ ਨਾਮੁ	160
	ਕਹਾ ਭੂਲਿਓ ਰੇ ਝੂਠੇ ਲੋਭ ਲਾਗ	162
21.	**ਰਾਗ ਸਾਰੰਗ ਪਰਿਚਯ ਅਤੇ ਸੁਰ ਵਿਸਤਾਰ**	164
	ਹਰਿ ਬਿਨੁ ਤੇਰੋ ਕੋ ਨ ਸਹਾਈ	166
	ਕਹਾ ਮਨ ਬਿਖਿਆ ਸਿਉ ਲਪਟਾਹੀ	168
	ਕਹਾ ਨਰ ਅਪਨੋ ਜਨਮੁ ਗਵਾਵੈ	170
	ਮਨ ਕਰਿ ਕਬਹੂ ਨ ਹਰਿ ਗੁਨ ਗਾਇਓ	172
22.	**ਰਾਗ ਜੈਜਾਵੰਤੀ ਪਰਿਚਯ ਅਤੇ ਸੁਰ ਵਿਸਤਾਰ**	174
	ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ	176
	ਰਾਮ ਭਜੁ ਰਾਮ ਭਜੁ ਜਨਮੁ ਸਿਰਾਤੁ ਹੈ	178
	ਰੇ ਮਨ ਕਉਨ ਗਤਿ ਹੋਇ ਹੈ ਤੇਰੀ	180
	ਬੀਤ ਜੈ ਹੈ ਬੀਤ ਜੈ ਹੈ ਜਨਮੁ ਅਕਾਜ ਰੇ	182
23.	**ਸ਼ਲੋਕ**	
	ਗੁਨ ਗੋਬਿੰਦ ਗਾਇਓ ਨਹੀ	185
	ਬਿਖਿਅਨ ਸਿਉ ਕਾਹੇ ਰਚਿਓ	186
	ਤਰਨਾਪੋ ਇਉ ਹੀ ਗਇਓ	187
	ਬਿਰਧ ਭਇਓ ਸੂਝੈ ਨਹੀ	188
	ਧਨ ਦਾਰਾ ਸੰਪਤਿ ਸਗਲ	189
	ਪਤਿਤ ਉਧਾਰਨ ਭੈ ਹਰਨ	190
	ਤਨੁ ਧਨੁ ਜਿਹ ਤੋ ਕਉ ਦੀਓ	191
	ਤਨੁ ਧਨੁ ਸੰਪੈ ਸੁਖ ਦੀਓ	192
	ਸਭ ਸੁਖ ਦਾਤਾ ਰਾਮੁ ਹੈ	193
	ਜਿਹ ਸਿਮਰਤ ਗਤਿ ਪਾਈਐ	194
	ਪਾਂਚ ਤਤ ਕੋ ਤਨੁ ਰਚਿਓ	195
	ਘਟਿ ਘਟਿ ਮੈ ਹਰਿ ਜੂ ਬਸੈ	196
	ਸੁਖੁ ਦੁਖੁ ਜਿਹ ਪਰਸੈ ਨਹੀ	197
	ਉਸਤਤਿ ਨਿੰਦਿਆ ਨਾਹਿ ਜਿਹਿ	198
	ਹਰਖ ਸੋਗ ਜਾ ਕੈ ਨਹੀ	199
	ਭੈ ਕਾਹੂ ਕਉ ਦੇਤ ਨਹਿ	200
	ਜਿਹਿ ਬਿਖਿਆ ਸਗਲੀ ਤਜੀ	201
	ਜਿਹਿ ਮਾਇਆ ਮਮਤਾ ਤਜੀ	202
	ਜਿਹੀ ਪ੍ਰਾਨੀ ਹਉਮੈ ਤਜੀ	203
	ਭੈ ਨਾਸਨ ਦੁਰਮਤਿ ਹਰਨ	204
	ਜਿਹਬਾ ਗੁਨ ਗੋਬਿੰਦ ਭਜਹੁ	205
	ਜੋ ਪ੍ਰਾਨੀ ਮਮਤਾ ਤਜੈ	206
	ਜਿਉ ਸੁਪਨਾ ਅਰੁ ਪੇਖਨਾ	207

ਨਿਸ ਦਿਨ ਮਾਇਆ ਕਾਰਨੇ 208
ਜੈਸੇ ਜਲ ਤੇ ਬੁਦਬੁਦਾ 209
ਪ੍ਰਾਨੀ ਕਛੂ ਨਾ ਚੇਤਈ 210
ਜਉ ਸੁਖ ਕਉ ਚਾਹੈ ਸਦਾ 211
ਮਾਇਆ ਕਾਰਨਿ ਧਾਵਹੀ 212
ਜੋ ਪ੍ਰਾਨੀ ਨਿਸਿ ਦਿਨਿ ਭਜੇ 213
ਮਨੁ ਮਾਇਆ ਮੈ ਫਧਿ ਰਹਿਓ 214
ਪ੍ਰਾਨੀ ਰਾਮ ਨ ਚੇਤਈ 215
ਸੁਖ ਮੈ ਬਹੁ ਸੰਗੀ ਭਏ 216
ਜਨਮ ਜਨਮ ਭਰਮਤ ਫਿਰਿਓ 217
ਜਤਨ ਬਹੁਤ ਮੈ ਕਰਿ ਰਹਿਓ 218
ਬਾਲ ਜੁਆਨੀ ਅਰੁ ਬਿਰਧ ਫੁਨਿ 219
ਕਰਣੋ ਹੁਤੋ ਸੁ ਨਾ ਕੀਓ 220
ਮਨੁ ਮਾਇਆ ਮੈ ਰਮਿ ਰਹਿਓ 221
ਨਰ ਚਾਹਤ ਕਛੁ ਅਉਰ 222
ਜਤਨ ਬਹੁਤ ਸੁਖ ਕੇ ਕੀਏ 223
ਜਗਤੁ ਭਿਖਾਰੀ ਫਿਰਤੁ ਹੈ 224
ਝੂਠੈ ਮਾਨੁ ਕਹਾ ਕਰੈ 225
ਗਰਬੁ ਕਰਤੁ ਹੈ ਦੇਹ ਕੋ 226
ਜਿਹ ਘਟਿ ਸਿਮਰਨੁ ਰਾਮ ਕੋ 227
ਏਕ ਭਗਤਿ ਭਗਵਾਨ 228
ਸੁਆਮੀ ਕੋ ਗ੍ਰਿਹੁ ਜਿਉ ਸਦਾ 229
ਤੀਰਥ ਬਰਤ ਅਰੁ ਦਾਨ ਕਰਿ 230
ਸਿਰ ਕੰਪਿਓ ਪਗ ਡਗ ਮਗੈ 231
ਨਿਜ ਕਰਿ ਦੇਖਿਓ ਜਗਤੁ ਮੈ 232
ਜਗ ਰਚਨਾ ਸਭ ਝੂਠੁ ਹੈ 233
ਰਾਮ ਗਇਓ ਰਾਵਨੁ ਗਇਓ 234
ਚਿੰਤਾ ਤਾਕੀ ਕੀਜੀਐ 235
ਜੋ ਉਪਜਿਓ ਜੋ ਬਿਨਸਿ ਹੈ 236
ਬਲੁ ਛੁਟਕਿਓ ਬੰਧਨ ਪਰੇ (ਦੋਹਰਾ) 237
ਬਲੁ ਹੋਆ ਬੰਧਨ ਛੁਟੇ 238
ਸੰਗ ਸਖਾ ਸਭ ਤਜਿ ਗਏ 239
ਨਾਮੁ ਰਹਿਓ ਸਾਧੂ ਰਹਿਓ 240
ਰਾਮ ਨਾਮ ਉਰਿ ਮੈ ਗਹਿਓ 241
ਅੰਤਿਕਾ 1 242
ਅੰਤਿਕਾ 2 243
ਅੰਤਿਕਾ 3 245
ਅੰਤਿਕਾ 4 246
ਅੰਤਿਕਾ 5 247

ਮੁੱਖ-ਬੰਧ

ਵਰਤਮਾਨ ਵਰਸ਼ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਪਵਿੱਤਰ ਸ਼ਹੀਦੀ ਦੀ ਤਿੰਨ ਸੌ ਸਾਲਾ ਯਾਦ ਮਨਾਈ ਜਾ ਰਹੀ ਹੈ। ਗੁਰੂ ਤੇਗ ਬਹਾਦਰ ਜੀ ਦਾ ਅਦੁੱਤੀ ਬਲੀਦਾਨ ਸੰਸਾਰ ਦੇ ਇਤਿਹਾਸ ਵਿਚ ਨਿਵੇਕਲੀ ਵਿਸ਼ੇਸ਼ਤਾ ਦਾ ਧਾਰਨੀ ਹੈ। ਭਾਰਤ ਦੇ ਕੌਮੀ ਇਤਿਹਾਸ ਵਿਚ ਤਾਂ ਇਸ ਦਾ ਮਹੱਤਵ ਸਦਾ ਸਥਾਪਿਤ ਰਹੇਗਾ ਹੀ ਕਿਉਂ ਜੋ ਇਹ ਅਮਰ ਸਾਕਾ ਗੁਰੂਦੇਵ ਨੇ ਸਮੂਹ ਧਰਮਾਂ ਦੀ ਸੁਤੰਤਰਤਾ ਤੇ ਏਕਤਾ-ਮਈ ਸਹਿ-ਹੋਂਦ ਦੇ ਉਚੇਰੇ ਆਦਰਸ਼ਾਂ ਲਈ ਵਰਤਾਇਆ ਸੀ। ਇਹ ਆਦਰਸ਼ ਅੱਜ ਵੀ ਸਾਡੀ ਕੌਮੀ ਸੰਸਕ੍ਰਿਤੀ ਤੇ ਨੀਤੀ ਦਾ ਮੂਲ ਆਧਾਰ ਹਨ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਖਸੀਅਤ ਕੇਵਲ ਧਾਰਮਿਕ ਮੰਡਲਾਂ ਤੱਕ ਹੀ ਸੀਮਿਤ ਨਹੀਂ ਸੀ ਸਗੋਂ ਉਹ ਧਾਰਮਿਕ ਆਦਰਸ਼ਾਂ ਨੂੰ ਸਮਾਜਿਕ ਜੀਵਨ ਵਿਚ ਇਕਸੁਰ ਕਰਕੇ ਰਾਜ ਨੂੰ ਵੀ ਕਲਿਆਣ-ਕਾਰੀ ਲੋਕਤੰਤਰ ਵਿਚ ਬਦਲਣਾ ਚਾਹੁੰਦੇ ਸਨ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ" ਦਾ ਸਿੱਧਾਂਤ ਸਮੂਹ ਜਗਤ ਦੇ ਸਰਬ ਮਾਨਵੀ ਭਾਈਚਾਰੇ ਜਾਂ ਦੂਜੇ ਸ਼ਬਦਾਂ ਵਿਚ ਵਿਸ਼ਵ ਸਮਾਜ ਲਈ ਹੈ ਜਿਸ ਦੀ ਕਲਪਨਾ ਤੇ ਪੂਰਤੀ ਲਈ ਅੱਜ ਵੀ ਸੰਸਾਰ ਵਿਚ ਵਸ ਰਹੀ ਮਨੁੱਖਤਾ ਦਾ ਚੇਤਨ ਭਾਗ ਯਤਨ ਕਰ ਰਿਹਾ ਹੈ। ਇਸੇ ਲਈ ਗੁਰੂ ਤੇਗ ਬਹਾਦਰ ਜੀ ਦਾ ਮਹਾਨ ਵਿਅਕਤਿਤਵ ਅਤੇ ਅਲੌਕਿਕ ਘਾਲਣਾ ਕੌਮੀ ਤੇ ਅੰਤਰ ਰਾਸ਼ਟਰੀ ਮਹਾਨਤਾ ਦੀ ਧਾਰਨੀ ਹੈ। ਪਰ ਇਸ ਅਦੁੱਤੀ ਗੌਰਵ ਨੂੰ ਸੰਸਾਰ ਨੇ ਹਾਲੀ ਪੂਰੀ ਤਰ੍ਹਾਂ ਪਛਾਤਾ ਨਹੀਂ।

ਜਦੋਂ ਇਹ ਸ਼ਹੀਦੀ ਸਾਕਾ ਵਾਪਰਿਆ ਤਾਂ ਧਾਰਮਿਕ ਤਅੱਸਬ ਤੇ ਫ਼ਿਰਕਾ ਪਰੱਸਤੀ ਦੇ ਨਸ਼ੇ ਵਿਚ ਚੂਰ ਹਾਕਮ ਟੋਲਾ ਆਪਣੀ ਜ਼ਿੱਦ ਪੁਗਾ ਰਿਹਾ ਸੀ। ਪਿੱਛੋਂ 1775 ਵਿਚ ਪੰਜਾਬ ਦੀ ਗੁਰੂ ਵਰੋਸਾਈ ਨਵੀਂ ਰਾਜ ਸ਼ਕਤੀ ਹਾਲੀ ਸੰਗਰਾਮ ਕਾਰਜ ਤੋਂ ਸੁਰਖਰੂ ਨਹੀਂ ਸੀ ਹੋ ਸਕੀ। 19ਵੀਂ ਸਦੀ ਦੇ ਪੂਰਵਾਰਧ ਵਿਚ ਇਤਿਹਾਸ ਵਿਚ ਥੋੜ੍ਹੀ ਚਮਕ ਅਤੇ ਲਿਸ਼ਕ ਆਈ ਪਰ ਛੇਤੀ ਹੀ ਗੁਲਾਮੀ ਦੀ ਕਾਲੀ ਰਾਤ ਦਾ ਪਹਿਰਾ ਮੁੜ ਛਾ ਗਿਆ। ਇਸ ਲਈ 1875 ਵਿਚ ਇਸ ਸ਼ਹੀਦੀ ਸਾਕੇ ਦੀ ਦੂਜੀ ਸ਼ਤਾਬਦੀ ਦੀ ਯਾਦ ਨੂੰ ਯੋਗ ਭਾਂਤ ਮਨਾਉਣ ਦਾ ਫੁਰਨਾ ਵੀ ਨਾ ਫੁਰ ਸਕਿਆ। ਸਿੰਘ ਸਭਾ ਲਹਿਰ ਉਸ ਵੇਲੇ ਦੋ ਸਾਲ ਦੀ ਹੀ ਬਾਲੜੀ ਸੀ ਅਤੇ ਕੂਕਾ ਲਹਿਰ ਦਾ ਦਮਨ ਕੀਤਾ ਜਾ ਰਿਹਾ ਸੀ। ਇਸ ਕਾਰਣ ਤਿੰਨ ਸੌ ਸਾਲਾਂ ਪਿੱਛੋਂ ਇਸ ਪਵਿੱਤਰ ਯਾਦ ਨੂੰ ਮਨਾਉਣ ਲਈ 1975 ਦੇ ਸੁਤੰਤਰ ਭਾਰਤ ਵਿਚ ਜੋ ਅਵਸਰ ਮਿਲਿਆ ਹੈ ਉਸ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ ਅਤੇ ਉਪਯੋਗੀ ਯੋਜਨਾਵਾਂ ਰਾਹੀਂ ਗੁਰੂ ਜੀ ਦੇ ਅਮਰ ਸੰਦੇਸ਼ ਨੂੰ ਸੰਸਾਰ ਦੇ ਕੋਨੇ ਕੋਨੇ ਵਿਚ ਅਪੜਾਉਣਾ ਚਾਹੀਦਾ ਹੈ।

ਇਸੇ ਉੱਦੇਸ਼ ਨੂੰ ਮੁੱਖ ਰਖ ਕੇ ਪੰਜਾਬੀ ਯੂਨੀਵਰਸਿਟੀ ਵੱਲੋਂ ਕਈ ਨਿੱਗਰ ਯੋਜਨਾਵਾਂ ਬਣਾਈਆਂ ਗਈਆਂ ਸਨ। ਇਹ ਪੁਸਤਕ "ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ" ਇਸੇ ਲੜੀ ਦੀ ਮਹੱਤਵਪੂਰਣ ਕੜੀ ਹੈ। ਇਸ ਵਿਚ ਵਿਦਵਾਨ ਤੇ ਪ੍ਰਵੀਣ ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਬਦਾਂ ਅਤੇ ਸ਼ਲੋਕਾਂ ਨੂੰ ਭਾਰਤੀ ਸੰਗੀਤ ਦੀ ਰਾਗ-ਪਰੰਪਰਾ ਅਨੁਸਾਰ ਲਿੱਪੀਬੱਧ ਕੀਤਾ ਹੈ ਅਤੇ ਉਨ੍ਹਾਂ ਰਾਗਾਂ ਸੰਬੰਧੀ ਆਪਣੇ ਵਿਸ਼ੇਸ਼ ਅਧਿਐਨ ਅਤੇ ਅਭਿਆਸ ਦੇ ਆਧਾਰ ਤੇ ਯੋਗ ਵਿਸ਼ਲੇਸ਼ਣ ਤੇ ਵਿਆਖਿਆ ਵੀ ਕੀਤੀ ਹੈ। ਗੁਰਮਤਿ ਸੰਗੀਤ ਪੱਧਤੀ ਜੋ ਵਾਸਤਵ ਵਿਚ ਇਕ ਵਿਸ਼ਾਲ ਸੰਗੀਤ ਪਰੰਪਰਾ ਹੈ, ਦੇ ਵਿਗਿਆਨਿਕ ਅਧਿਐਨ ਅਤੇ ਖੋਜ ਦਾ ਖੇਤਰ ਹਾਲੀ ਲਗਭਗ ਅਣ-ਛੋਹਿਆ

ਹੀ ਹੈ। ਇਸ ਸੰਬੰਧ ਵਿਚ ਇਸ ਨੂੰ ਪਹਿਲਾ ਵਿਗਿਆਨਿਕ ਤੇ ਨਿੱਗਰ ਯਤਨ ਕਿਹਾ ਜਾ ਸਕਦਾ ਹੈ।

ਇਸ ਪੁਸਤਕ ਦੇ ਲੇਖਕ ਨੂੰ ਗੁਰਮਤਿ ਨਾਲ ਸਰਧਾ ਪੂਰਣ ਲਗਾਉ ਹੈ ਅਤੇ ਸੰਗੀਤ ਕਲਾ ਨਾਲ ਇਕ ਕਲਾਕਾਰ ਵਾਲਾ ਸੱਚਾ ਸਨੇਹ, ਜਿਸ ਨੂੰ ਉਸ ਨੇ ਆਪਣੇ ਕਈ ਸਾਲਾਂ ਦੇ ਨਿਰੰਤਰ ਅਭਿਆਸ ਤੇ ਖੋਜ ਰਾਹੀਂ ਇਕ ਨਿਵੇਕਲੀ ਦਿਸ਼ਾ ਦੇ ਲਈ ਹੈ। ਇਸ ਵਿਸ਼ੇ ਉੱਤੇ ਉਸ ਨੇ ਪੂਰਣ ਅਧਿਕਾਰ ਨਾਲ ਆਪਣੀ ਖੋਜ ਤੇ ਸੰਗੀਤ ਕਲਾ ਵਿਚ ਮੌਲਿਕ ਚਿੰਤਨ ਨੂੰ ਪ੍ਰਸਤੁਤ ਕੀਤਾ ਹੈ। ਇਹ ਪੁਸਤਕ ਨਾ ਕੇਵਲ ਇਸ ਵਿਸ਼ੇ ਦੀ ਸਿੱਧਾਂਤਿਕ ਵਿਆਖਿਆ ਹੀ ਕਰਦੀ ਹੈ ਸਗੋਂ ਕ੍ਰਿਆਤਮਕ ਖੇਤਰ ਵਿਚ ਇਸ ਤੋਂ ਅਗਵਾਈ ਵੀ ਲਈ ਜਾ ਸਕਦੀ ਹੈ।

ਸਿੱਖ ਗੁਰੂ ਸਾਹਿਬਾਨ ਦੀ ਸਭਿਆਚਾਰਕ ਖੇਤਰ ਵਿਚ ਇਕ ਵੱਡੀ ਦੇਣ ਗੁਰਮਤਿ ਸੰਗੀਤ ਪੱਧਤੀ ਦੀ ਸਥਾਪਨਾ ਸੀ, ਜਿਸ ਨੂੰ ਅੱਗੇ ਵਿਸ਼ੇਸ਼ ਸੰਸਥਾਵਾਂ ਤੇ ਗੁਰੂ ਘਰ ਦੇ ਸੰਗੀਤਾਚਾਰੀਆਂ ਤੇ ਗੁਰੂ ਵਰੋਸਾਏ ਗਾਇਕਾਂ ਨੇ ਜੀਵਨ ਕਣੀਆਂ ਦੀਆਂ ਅੰਮ੍ਰਿਤ ਫੁਹਾਰਾਂ ਵਿਚ ਵਿਕਸਤ ਕਰਕੇ, ਆਪਣੇ ਮਧੁਰ ਕੰਠਾਂ ਰਾਹੀਂ ਉਜਾਗਰ ਕੀਤਾ। ਪਰ ਸਮੇਂ ਦੇ ਗੇੜ ਨਾਲ ਉਹ ਉੱਚ ਸੰਗੀਤ ਕਲਾ ਅਤੇ ਰਾਗਾਂ ਅਨੁਸਾਰ ਕੀਰਤਨ ਕਰਨ ਦੀ ਪਰਿਪਾਟੀ, ਰੀਤ ਤੇ ਸ਼ੈਲੀ, ਬੀਤੇ ਦੀ ਗੱਲ ਜਾਪਣ ਲੱਗ ਪਈ ਹੈ। ਲੋੜ ਹੈ ਕਿ ਉਸ ਅਮੋਲਕ ਸੰਗੀਤਕ ਚੇਤਨਾ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਇਹ ਕਾਰਜ ਕਰ ਕੋਈ ਅਜਿਹਾ ਵਿਅਕਤੀ ਹੀ ਸਕਦਾ ਹੈ ਜਿਸ ਨੂੰ ਗੁਰੂ ਆਸ਼ੇ ਤੇ ਸੰਗੀਤ ਕਲਾ ਦੀ ਵਿਸ਼ੇਸ਼ ਜਾਣਕਾਰੀ ਹੋਵੇ, ਭਾਵੇਂ ਅਜਿਹਾ ਕੁਝ ਗੁਰੂ ਕ੍ਰਿਪਾ ਦੁਆਰਾ ਹੀ ਸੰਭਵ ਹੋ ਸਕਦਾ ਹੈ। ਪ੍ਰੋ. ਤਾਰਾ ਸਿੰਘ ਇਸ ਆਸ਼ੇ ਤੋਂ ਮੈਨੂੰ ਸੁਯੋਗ ਵਿਅਕਤੀ ਜਾਪਿਆ ਹੈ ਇਸੇ ਲਈ ਇਸ ਵਿਸ਼ੇ ਉੱਤੇ ਖੋਜ ਕਰਨ ਅਤੇ ਕ੍ਰਿਆਤਮਕ ਅਭਿਆਸ ਉਪਰੰਤ ਸੰਗੀਤ-ਲਿੱਪੀ ਵਿਚ ਗੁਰਬਾਣੀ ਨੂੰ ਅੰਕਿਤ ਕਰਨ ਦਾ ਇਹ ਕਾਰਜ ਉਸ ਨੂੰ ਸੌਂਪਿਆ ਗਿਆ ਸੀ। ਜਿਸ ਨਿਪੁੰਣਤਾ ਅਤੇ ਕੁਸ਼ਲਤਾ ਨਾਲ ਉਸ ਨੇ ਇਸ ਕਾਰਜ ਨੂੰ ਨਿਭਾਇਆ ਹੈ ਅਤੇ ਸਮੇਂ ਸਿਰ ਨੇਪਰੇ ਚਾੜ੍ਹਿਆ ਹੈ, ਉਸ ਨਾਲ ਮੈਨੂੰ ਪ੍ਰਸੰਨਤਾ ਵੀ ਹੋਈ ਹੈ ਅਤੇ ਸੰਤੁਸ਼ਟਤਾ ਵੀ।

ਇਸ ਪੁਸਤਕ ਦੇ ਉਪਯੋਗੀ ਤੇ ਗੌਰਵ-ਪੂਰਣ ਹੋਣ ਬਾਰੇ ਮੁਲਾਂਕਣ ਕਰਨਾ ਤਾਂ ਇਸ ਖੇਤਰ ਦੇ ਵਿਸ਼ੇਸ਼ਜੱਗਾਂ ਦਾ ਕੰਮ ਹੈ। ਮੈਂ ਤਾਂ ਕੇਵਲ ਇਤਨਾ ਕਹਿ ਸਕਦੀ ਹਾਂ ਕਿ ਇਸ ਪੁਸਤਕ ਵਿਚ ਲੇਖਕ ਨੇ ਵਿਸ਼ੇ ਦੀ ਡੂੰਘੀ ਖੋਜ ਤੇ ਕਈਆਂ ਵਰ੍ਹਿਆਂ ਦੇ ਤਜਰਬੇ ਦਾ ਨਿਚੋੜ ਪੇਸ਼ ਕੀਤਾ ਹੈ। ਇਹ ਸਿੱਧਾਂਤ ਤੇ ਜੁਗਤੀ ਕੇਵਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਲਈ ਹੀ ਲਾਭਦਾਇਕ ਨਹੀਂ ਸਗੋਂ ਇਸ ਦੀ ਵਰਤੋਂ ਹੋਰ ਗੁਰੂ ਸਾਹਿਬਾਨ ਤੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਲਈ ਵੀ ਕੀਤੀ ਜਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚੋਂ ਇਸ ਪੁਸਤਕ ਵਿਚ 16 ਰਾਗਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ। ਗੁਰਬਾਣੀ ਦੇ ਰਸੀਏ ਅਤੇ ਕਲਾ-ਪ੍ਰੇਮੀ ਕੀਰਤਨਕਾਰ ਇਸ ਪੁਸਤਕ ਦੀਆਂ ਸੁਰ-ਰਚਨਾਵਾਂ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕਰ ਸਕਦੇ ਹਨ ਅਤੇ ਇਨ੍ਹਾਂ ਦੇ ਆਧਾਰ ਤੇ ਉਹ ਗੁਰਬਾਣੀ ਦੇ ਹੋਰ ਸ਼ਬਦਾਂ ਦੇ ਗਾਇਨ ਵਿਚ ਇਸੇ ਤਕਨੀਕੀ ਜੁਗਤੀ ਨੂੰ ਅਪਣਾ ਸਕਦੇ ਹਨ, ਜਿਸ ਨਾਲ ਗੁਰਮਤਿ ਸੰਗੀਤ ਪੱਧਤੀ ਨੂੰ ਸੁਰੱਖਿਅਤ ਤੇ ਸੁਰਜੀਤ ਰਖਿਆ ਜਾ ਸਕਦਾ ਹੈ। ਮੈਂ ਵਿਦਵਾਨ ਲੇਖਕ ਨੂੰ ਜਿੱਥੇ ਇਸ ਪੁਸਤਕ ਦੇ ਰਚਣ ਉਤੇ ਵਧਾਈ ਦਿੰਦੀ ਹਾਂ ਉੱਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤਿੰਨ ਸੌ ਸਾਲਾ ਯਾਦ ਦੀ ਪੁਸਤਕ ਲੜੀ ਵਿਚ ਇਸ ਰਚਨਾ ਨੂੰ ਪਾਠਕਾਂ, ਸੰਗੀਤ-ਸਨੇਹੀਆਂ ਤੇ ਕੀਰਤਨਕਾਰਾਂ ਨੂੰ ਭੇਟ ਕਰਨ ਵਿਚ ਵਿਸ਼ੇਸ਼ ਪ੍ਰਸੰਨਤਾ ਅਨੁਭਵ ਕਰ ਰਹੀ ਹਾਂ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਇੰਦਰਜੀਤ ਕੌਰ ਸੰਧੂ
ਵਾਈਸ-ਚਾਂਸਲਰ

ਭੂਮਿਕਾ

1975 ਦਾ ਵਰ੍ਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਸ਼ਹੀਦੀ ਦੀ ਤਿੰਨ ਸੌ ਸਾਲਾ ਯਾਦ ਦਾ ਸਾਲ ਹੈ, ਜਿਸ ਵਿਚ ਇਸ ਪੱਧਤੀ ਦੇ ਮਹਾਂਬਲੀ ਦਾਨੀ ਗੁਰੂ ਆਤਮਾ ਦੀ ਪਵਿੱਤਰ ਯਾਦ ਨੂੰ ਹਿਰਦਿਆਂ ਵਿਚ ਸਦੀਵੀ ਤੌਰ ਤੇ ਅੰਕਿਤ ਕਰਨ ਲਈ ਹਰ ਉਹ ਵਿਅਕਤੀ ਜਿਸ ਨੂੰ ਗੁਰੂ ਬਾਣੀ ਦੇ ਅਮਰ ਸੰਦੇਸ਼ ਨੇ ਕੋਮਲਤਾ ਬਖਸ਼ ਦਿੱਤੀ ਹੈ, ਕਿਸੇ ਨਾ ਕਿਸੇ ਰੂਪ ਵਿਚ ਸੁਰੱਖਿਅਤ ਕਰਨ ਦਾ ਯਾਚਕ ਪ੍ਰਤੀਤ ਹੁੰਦਾ ਹੈ। ਦਾਤ ਸਤਿਗੁਰੂ ਦੀ ਆਪਣੀ ਹੈ ਜਿਸ ਦੀ ਮਿਹਰ ਦਾ ਸਦਕਾ ਜੇ ਕੋਮਲ ਕਲਾ ਦਾ ਬੀਜ ਪ੍ਰਫੁੱਲਤ ਬਿਰਛ ਦਾ ਰੂਪ ਧਾਰਨ ਕਰ ਲਵੇ ਤਾਂ ਆਪ-ਮੁਹਾਰੇ ਹੀ ਉਸ ਦੀ ਅੰਦਰਲੀ ਮਹਿਕ ਤੇ ਸੁਗੰਧੀ ਵਿਚੋਂ ਸੁੰਦਰ ਪੰਛੀਆਂ ਦਾ ਮੋਹਕ ਸੰਗੀਤ ਉਤਪੰਨ ਹੋ ਜਾਂਦਾ ਹੈ। ਨਾਦ ਤਾਂ ਅਨਾਦੀ ਹੈ ਪਰ ਇਸ ਦਾ ਸੁਰ-ਬੱਧ ਸਰੂਪ ਜਦੋਂ ਵੀ ਕਿਸੇ ਸੂਖਮਭਾਵੀ ਅਤੇ ਸੰਵੇਦਨਸ਼ੀਲ ਆਤਮਾ ਦੇ ਅੰਦਰਲੇ ਕੰਨਾਂ ਵਿਚ ਸੁਣਾਈ ਦਿੰਦਾ ਹੈ ਤਾਂ ਕਲਾਕਾਰ ਬਾਹਰੀ ਕੰਨਾਂ ਨੂੰ ਬੰਦ ਕਰਕੇ ਰਸਨਾ ਦੇ ਮਧੁਰ ਆਲਾਪ ਰਾਹੀਂ ਉਸ ਅਨਾਦੀ ਧੁਨੀ ਦੇ ਮਹਾਂ ਲਰਜ਼ੇ ਦੇ ਅਨੁਭਵ ਨੂੰ ਆਲੇ-ਦੁਆਲੇ ਵਿਚ ਪਸਾਰ ਦਿੰਦਾ ਹੈ। ਇਹ ਹੈ ਵਿਆਖਿਆ ਉਸ ਮਹਾਂ ਸੰਗੀਤ ਦੀ ਜੋ 'ਸੋ' 'ਦਰੀ' ਹੈ, ਅਤੇ ਜੋ ਗੁਰ ਪ੍ਰਸਾਦਿ ਰਾਹੀਂ ਕਿਸੇ ਜਗਿਆਸੂ ਆਤਮਾ ਤੇ ਭਾਗਸ਼ਾਲੀ ਜੀਉੜੇ ਦੇ ਹਿੱਸੇ ਆਉਂਦੀ ਹੈ। ਇਹੀ ਰੱਬੀ ਕੀਰਤਨ ਹੈ ਅਤੇ ਇਹੀ ਬਾਣੀ ਦਾ ਸੂਖਮ ਸਰੂਪ। ਕਿਉਂ ਜੋ ਅੱਖਰੀ ਸਰੂਪ ਤਾਂ ਲਿਖਤੀ ਰੂਪ ਵਿਚ ਸਥਿਰ ਕੀਤਾ ਹੀ ਜਾ ਚੁੱਕਾ ਹੈ। ਸੰਗੀਤ ਉਸ ਅੱਖਰੀ ਸਰੂਪ ਨੂੰ ਮੁੜ ਸ਼ਬਦ ਤੇ ਨਾਦ ਦੇ ਸੂਖਮ ਤੇ ਜੀਵਤ ਲੈਅ-ਬੱਧ ਅਤੇ ਤਾਲ-ਬੱਧ ਅਨੂਠੀਆਂ ਧੜਕਣਾਂ ਵਿਚ ਜਗਾ ਦਿੰਦਾ ਹੈ, ਜੋ ਬ੍ਰਹਮੰਡ ਦੀ ਸਮੁੱਚੀ ਗਤਿ ਮਿਤਿ ਵਾਂਗ ਸਦੀਵੀ ਜੀਵਨ ਪ੍ਰਵਾਹ ਦੀਆਂ ਅਨਾਦੀ ਤਰੰਗਾਂ ਦੇ ਅਨੂਪਮ ਜਲਾਓ ਵਿਚ ਜਗਮਗਾਉਣ ਲੱਗ ਪੈਂਦਾ ਹੈ। ਗੁਰਬਾਣੀ ਇਸੇ ਵਿਸ਼ਵ-ਵਿਆਪੀ ਕਰਤਾਰੀ ਅਨੁਭਵ ਦਾ ਦਿਗ ਕ੍ਰਿਸ਼ਮਾ ਹੈ ਅਤੇ ਸੰਗੀਤ ਜਾਂ ਰਸ ਭਿੰਨਾ ਕੀਰਤਨ ਇਸ ਦਾ ਸਾਖਿਆਤ ਅਨੁਭਵ ਰੂਪ ਦਾ ਪ੍ਰਕਾਸ਼।

ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਜੋਤ ਨੇ ਜਿੱਥੇ ਜੀਵਨ ਦੇ ਅਗਿਆਨ ਅੰਧਕਾਰਾਂ ਨੂੰ ਮੇਟ ਕੇ ਮਨੁੱਖੀ ਸਮਾਜ ਨੂੰ ਨਵਾਂ ਚਾਨਣ ਬਖਸ਼ਿਆ, ਅਤੇ ਨਿਰਭਉ ਅਤੇ ਨਿਰਵੈਰ ਹੋਣ ਦਾ ਮਹਾਂ ਮਾਨਵੀ ਮਾਰਗ ਸੁਝਾਇਆ ਉੱਥੇ ਕਲਾ ਤੇ ਸੰਸਕ੍ਰਿਤੀ ਦੇ ਰੂਪ ਵਿਚ ਨਵੇਂ ਚਮਤਕਾਰ ਵੀ ਕਰ ਵਿਖਾਏ। ਕਾਵਿ ਤੇ ਸੰਗੀਤ ਨੂੰ ਪੂਰਨ ਤੌਰ ਤੇ ਇਕਸੁਰਤਾ ਪ੍ਰਦਾਨ ਕੀਤੀ। ਇਸ ਦਾ ਪ੍ਰਤੱਖ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਲੇ ਸੰਗੀਤ ਜਾਂ ਰਾਗ-ਪ੍ਰਬੰਧ ਤੋਂ ਜਾਣਿਆ ਸਕਦਾ ਹੈ। ਇਹ ਰਾਗ ਪ੍ਰੇਮ ਦਾ ਦ੍ਰਵ-ਮਈ ਸਰੂਪ ਹੀ ਹੈ। ਅਰਥਾਤ ਇਸ ਰਾਹੀਂ ਹੀ ਗੁਰਬਾਣੀ ਵਿਚਲੇ ਸਿਖਰਲੇ ਰਹੱਸ ਨੂੰ ਮਾਣਿਆ ਜਾ ਸਕਦਾ ਹੈ ਅਤੇ ਜਿਉਂ ਜਿਉਂ ਸੰਗੀਤਮਈ ਅਨੁਭਵ ਦਾ ਵਿਸਤਾਰ ਹੁੰਦਾ ਹੈ ਤਿਉਂ ਤਿਉਂ ਮਨੁੱਖੀ ਆਤਮਾ ਅਗੰਮ ਅਤੇ ਅਨੰਤ ਉਡਾਰੀਆਂ ਵਿਚ ਲਿਵਲੀਨ ਹੋ ਕੇ ਜ਼ਿੰਦਗੀ ਦੇ ਪਰਮ ਮਰਮ ਦੇ ਨਿਕਟ ਆ ਜਾਂਦੀ ਹੈ। ਗੁਰੂ ਨਾਨਕ ਦੇਵ

ਜੀ ਨੂੰ ਸੰਗੀਤ ਦਾ ਅਨੁਭਵ ਜਿੱਥੇ ਦਿਵਿਅ ਰੂਪ ਵਿਚ ਪ੍ਰਾਪਤ ਸੀ ਉੱਥੇ ਉਨ੍ਹਾਂ ਦੇ ਜੀਵਨ ਸਮਾਚਾਰਾਂ ਤੇ ਬਾਣੀ ਦੇ ਅਧਿਐਨ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਯੁਗਾਂ ਪੁਰਾਣੀ ਇਸ ਲਲਿਤ ਕਲਾ ਦਾ ਬੋਧ ਪ੍ਰਾਪਤ ਕਰਨ ਅਤੇ ਇਸ ਦਾ ਅੱਗੇ ਕਲਾਮਈ ਪ੍ਰਯੋਗ ਤੇ ਵਿਸਤਾਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸੰਗੀਤ ਦੀ ਸਥਾਪਿਤ ਤੇ ਪੂਰਵਕਾਲੀ ਪਰੰਪਰਾ ਅਤੇ ਤੱਤਕਾਲੀਨ ਵਰਤੋਂ ਵਿਚ ਆਉਣ ਵਾਲੀਆਂ ਸੰਗੀਤ ਪੱਧਤੀਆਂ ਤੇ ਗਾਇਨ-ਵਾਦਨ ਸ਼ੈਲੀਆਂ ਨੂੰ ਉਨ੍ਹਾਂ ਨੇ ਲੋਕ ਸੰਗੀਤ ਦੇ ਮਧੁ ਅੰਸਾਂ ਨਾਲ ਜੋੜ ਕੇ ਇਕ ਨਵਾਂ ਪ੍ਰਬੰਧ ਸਥਾਪਿਤ ਕਰ ਦਿੱਤਾ। ਇਸੇ ਨੂੰ ਗੁਰਮਤਿ ਸੰਗੀਤ ਦੀ ਸੰਗਿਆ ਦਿੱਤੀ ਜਾਂਦੀ ਹੈ। ਪਰ ਸੋਕ ਦੀ ਗੱਲ ਇਹ ਹੈ ਕਿ ਅਸੀਂ ਉਸ ਮਹਾਨ ਪੱਧਤੀ ਦੇ ਰਹੱਸ ਨੂੰ ਹਾਲੀ ਤਕ ਜਾਣਨ ਦਾ ਯਤਨ ਨਹੀਂ ਕੀਤਾ, ਵਿਗਿਆਨਿਕ ਵਿਆਖਿਆ ਤਾਂ ਬੜੀ ਦੂਰ ਦੀ ਗੱਲ ਹੈ। ਇਹ ਸੰਗੀਤ ਪਰੰਪਰਾ ਇਤਨੀ ਪ੍ਰਪੱਕ ਤੇ ਸੰਪੂਰਣ ਹੈ ਕਿ ਇਸ ਦੇ ਅਧਿਐਨ ਰਾਹੀਂ ਮੱਧ ਕਾਲੀਨ ਭਾਰਤੀ ਸੰਗੀਤ ਅਤੇ ਆਧੁਨਿਕ ਭਾਰਤੀ ਸੰਗੀਤ ਦੀਆਂ ਕਈ ਗੁੰਝਲਾਂ ਖੋਲ੍ਹੀਆਂ ਜਾ ਸਕਦੀਆਂ ਹਨ। ਅੱਜ ਉੱਤਰੀ ਤੇ ਦੱਖਣੀ (ਕਰਨਾਟਕੀ) ਪੱਧਤੀਆਂ ਇਕ ਦੂਜੇ ਤੋਂ ਨਿੱਖੜ ਚੁੱਕੀਆਂ ਪ੍ਰਤੀਤ ਹੁੰਦੀਆਂ ਹਨ ਪਰ ਗੁਰੂ ਘਰ ਵਿਚ ਇਨ੍ਹਾਂ ਦਾ ਪੂਰਣ ਸੁਮੇਲ ਹੈ। ਗਾਇਕੀ ਦੇ ਸ਼ੁੱਧ ਸਰੂਪ ਦਾ ਗੁਰੂ ਸਾਹਿਬਾਨ ਨੇ ਇਸ ਹੱਦ ਤਕ ਧਿਆਨ ਰਖਿਆ ਹੈ ਕਿ "ਅਖਰ ਲਿਖੇ ਸੋਈ ਗਾਵਾ ਅਵਰ ਨ ਜਾਣਾ ਬਾਣੀ।" (ਬਸੰਤ ਮਹਲਾ ੧ ਹਿੰਡੋਲ) ਦਾ ਕਰੜਾ ਆਦੇਸ਼ ਕਰ ਦਿੱਤਾ ਹੈ। ਜਿੱਥੇ ਦੱਖਣੀ ਰਾਗ ਪ੍ਰਕਾਰ ਵਿਚ ਰਚਨਾ ਕੀਤੀ ਹੈ ਉੱਥੇ ਸਪੱਸ਼ਟ ਸਿਰਲੇਖ ਦਿੱਤਾ ਹੈ। ਪਰ ਇਸ ਮਹਾਂ ਪ੍ਰਬੰਧ (ਗੁਰਮਤਿ ਸੰਗੀਤ ਪੱਧਤੀ) ਦੇ ਇਨ੍ਹਾਂ ਵਿਭਿੰਨ ਅੰਗਾਂ ਦੀ ਕਿਸੇ ਮਹਾਂ ਗ੍ਰੰਥ ਰਾਹੀਂ ਹੀ ਵਿਆਖਿਆ ਕੀਤੀ ਜਾ ਸਕਦੀ ਹੈ ਉਹ ਵੀ ਤਾਂ ਜੇ ਗੁਰੂ ਮਿਹਰ ਰਾਹੀਂ ਇਸ ਦੇ ਸਾਰੇ ਰਹੱਸ ਪਰਾਪਤ ਹੋ ਜਾਣ ਜੋ ਇਕ ਅਲਪੱਗ ਜੀਵ ਲਈ ਬੜੀ ਕਠਿਨ ਗੱਲ ਜਾਪਦੀ ਹੈ।

ਪਿਛਲੇ ਚਾਲ੍ਹੀ ਵਰ੍ਹਿਆਂ ਤੋਂ ਮੈਂ ਗੁਰਮਤਿ, ਗੁਰਬਾਣੀ ਤੇ ਸੰਗੀਤ ਨਾਲ ਸੁਚੇਤ ਤੌਰ ਤੇ ਜੁੜਿਆ ਰਿਹਾ ਹਾਂ। ਇਹ ਵੀ ਸ਼ਾਇਦ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੀ ਸੀ ਕਿ ਪਹਿਲਾਂ ਭਾਈ ਸੰਪੂਰਣ ਸਿੰਘ ਜੀ ਵਰਗੇ ਉੱਤਮ ਸੰਗੀਤਕਾਰ ਤੇ ਗੁਰਬਾਣੀ ਦੇ ਰਸੀਏ ਤੇ ਸੁਚੱਜੇ ਕੀਰਤਨਕਾਰ ਤੋਂ ਸਿੱਖਿਆ ਪ੍ਰਾਪਤ ਕਰਨ ਦਾ ਸੁਭਾਗਾ ਸਮਾਂ ਮਿਲਿਆ (ਭਾਈ ਸੰਪੂਰਣ ਸਿੰਘ, ਪੰਡਿਤ ਦਲੀਪ ਚੰਦਰ ਵੇਦੀ ਦੇ ਗੁਰੂ ਭਾਈ ਤੇ ਤਲਵੰਡੀ ਘਰਾਣੇ ਦੇ ਪ੍ਰਸਿੱਧ ਗਾਇਕ ਭਾਈ ਉੱਤਮ ਸਿੰਘ ਜੀ ਦੇ ਸ਼ਿਸ਼ ਸਨ)। ਫਿਰ ਅਧਿਆਪਨ ਦੇ ਵਰਤਮਾਨ ਕਿੱਤੇ ਵਿਚ ਭਾਰਤੀ ਸੰਗੀਤ ਦੇ ਡੂੰਘੇ ਅਧਿਐਨ ਦੀ ਲਗਨ ਲੱਗੀ ਜਿਸ ਦੇ ਫਲਸਰੂਪ ਮਨ ਵਿਚ ਗੁਰਮਤਿ ਸਗੀਤ ਸੰਬੰਧੀ ਕਈ ਨਵੇਂ ਵਿਚਾਰ ਤੇ ਦ੍ਰਿਸ਼ਟੀਕੋਣ ਬਣੇ। ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਇਸ ਸਾਰੇ ਅਨੁਭਵ ਨੂੰ ਜੋ ਮੈਂ ਸੰਗੀਤ ਸਿੱਧਾਂਤ ਦੇ ਗਿਆਨ ਤੇ ਪ੍ਰਯੋਗ ਰਾਹੀਂ ਪਰਾਪਤ ਕਰ ਸਕਿਆ ਹਾਂ ਇਸ ਪੁਸਤਕ ਵਿਚ ਦੇ ਸਕਿਆ ਹਾਂ ਪਰ ਇਹ ਮੇਰਾ ਯਤਨ ਜ਼ਰੂਰ ਹੈ ਕਿ ਇਸ ਬੰਨੇ ਰੱਕੜ ਤੇ ਬੰਜਰ ਧਰਤੀ ਵਿਚ ਹਲ ਵਾਹੁਣ ਤੇ ਸਿੰਜਣ ਦੀ ਪਹਿਲ ਕੀਤੀ ਜਾਵੇ। ਬੀਜ ਤੇ ਪਾਸਾਰ ਗੁਰੂ ਜੀ ਦੀ ਆਪਣੀ ਮਿਹਰ ਉੱਤੇ ਨਿਰਭਰ ਹੈ। ਸਾਡਾ ਤਾਂ ਨਿਰਮਾਣ ਤੇ ਨਿਸ਼ਕਾਮ ਯਤਨ ਹੀ ਹੋਣਾ ਚਾਹੀਦਾ ਹੈ।

"ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ" ਉਸ ਮਹਾਨ ਗੁਰੂ ਦੇ ਚਰਨਾਂ ਵਿਚ ਮੇਰਾ ਪ੍ਰਥਮ ਢੋਆ ਹੈ ਜਿਸ ਨੇ ਅਪਾਰ ਕ੍ਰਿਪਾ ਕਰਕੇ ਮੈਨੂੰ ਸੰਗੀਤ ਵਰਗੀ ਲਲਿਤ ਕਲਾ ਅਤੇ ਬਾਣੀ ਵਰਗੀ ਮਹਾਨ ਰਚਨਾ ਨਾਲ ਜੁੜਨ ਦੀ ਸੂਝ ਤੇ ਸਮਰੱਥਾ ਬਖ਼ਸ਼ੀ ਹੈ। ਇਸ ਪੁਸਤਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਨੂੰ ਰਾਗ-ਕ੍ਰਮ ਤੇ ਸੁਰ-ਲਿੱਪੀ ਅਨੁਸਾਰ ਅੰਕਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਗੁਰਬਾਣੀ ਦੇ ਗਾਇਕਾਂ ਅਤੇ ਕੀਰਤਨਕਾਰਾਂ ਦੀ ਅਮਲੀ

ਅਗਵਾਈ ਕੀਤੀ ਜਾ ਸਕੇ। ਪਰੰਪਰਾ ਰੂਪ ਵਿਚ ਸਿੱਖ ਸੰਗੀਤ ਵਿਚ ਕਈ ਰੀਤਾਂ ਪ੍ਰਚੱਲਿਤ ਸਨ ਜੋ ਸਹਿਜੇ ਸਹਿਜੇ ਅਲੋਪ ਹੋ ਚੁੱਕੀਆਂ ਹਨ ਅਤੇ ਹੁਣ ਹੋ ਰਹੀਆਂ ਹਨ। ਇਨ੍ਹਾਂ ਦੀ ਪੁਨਰ ਸੁਰਜੀਤੀ ਕਿਸ ਹੱਦ ਤਕ ਸੰਭਵ ਹੈ ਇਹ ਇਕ ਵੱਖਰਾ ਪ੍ਰਸ਼ਨ ਹੈ। ਇੱਥੇ ਸਾਡਾ ਮਨੋਰਥ ਤਾਂ ਗੁਰਬਾਣੀ ਦੇ ਗਾਇਕਾਂ ਅਤੇ ਕੀਰਤਨਕਾਰਾਂ ਨੂੰ ਗੁਰਮਤਿ ਸੰਗੀਤ ਦੀ ਸੁੱਧ ਪਰੰਪਰਾ, ਗਾਇਕੀ ਦੇ ਵਿਭਿੰਨ ਕੋਮਲ ਅੰਗਾਂ ਅਤੇ ਸੂਖਮ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾਉਣ ਦਾ ਹੀ ਹੈ ਤਾਂ ਜੋ ਗੁਰਮਤਿ ਸੰਗੀਤ ਤੇ ਸੰਕੀਰਤਨ ਦੀ ਉਚਿੱਤ ਪਰੰਪਰਾ ਦਾ ਵਿਸਤਾਰ ਤੇ ਪ੍ਰਚਾਰ ਕੀਤਾ ਜਾ ਸਕੇ। ਇਹ ਪ੍ਰਯੋਜਨ ਵਿਗਿਆਨਿਕ ਵਿਧੀ ਅਨੁਸਾਰ ਕਰਨਾ ਹੋਰ ਵੀ ਲੋੜੀਂਦਾ ਹੈ, ਕਿਉਂ ਜੋ ਇਸ ਦੀ ਅਣਹੋਂਦ ਵਿਚ ਪਰੰਪਰਾ ਉੱਨਤੀ ਤੇ ਵਿਕਾਸ ਕਰਨ ਦੀ ਥਾਂ ਅਵ-ਉੱਨਤੀ, ਵਿਗੱਠਣ ਤੇ ਅਨਮਤੀ ਰੰਗ ਧਾਰਣ ਕਰਦੀ ਜਾ ਰਹੀ ਹੈ। ਇਸ ਸੰਬੰਧ ਵਿਚ ਮੈਂ ਆਪਣੇ ਮਤ ਦੇ ਸੌ ਫ਼ੀ ਸਦੀ ਪ੍ਰਮਾਣਿਕ ਹੋਣ ਦਾ ਦਾਅਵਾ ਨਹੀਂ ਕਰਦਾ ਪਰ ਮੇਰਾ ਵਿਸ਼ਵਾਸ ਹੈ ਕਿ ਇਹ ਕਾਰਜ ਮੈਂ ਵਿਗਿਆਨਿਕ ਅਤੇ ਗੁਰਮਤਿ ਸੰਗੀਤ ਦੀ ਪਰੰਪਰਾ ਦੇ ਕਰਮ ਖੇਤਰ ਦੀ ਸੀਮਾ ਵਿਚ ਰਹਿ ਕੇ ਹੀ ਕੀਤਾ ਹੈ।

ਗੁਰਮਤਿ ਸੰਗੀਤ ਵਿਚ ਬਹੁਤ ਸਾਰੀਆਂ ਬੁਨਿਆਦੀ ਧਾਰਣਾਵਾਂ ਮੌਜੂਦ ਹਨ ਅਤੇ ਕਈ ਸੂਖਮ ਵਿਸ਼ੇਸ਼ਤਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਜਾਣਨ ਤੋਂ ਬਿਨਾਂ ਭਾਰਤੀ ਅਧਿਆਤਮਕ ਸੰਗੀਤ ਦੀ ਇਸ ਮਹਾਨ ਪਰੰਪਰਾ ਨੂੰ ਸਮਝਿਆ ਨਹੀਂ ਜਾ ਸਕਦਾ। ਇਨ੍ਹਾਂ ਵਿਚੋਂ ਕੁਝ ਇਕ ਦਾ ਵਰਣਨ ਕਰਨਾ ਇਥੇ ਬੜਾ ਲਾਭਕਾਰੀ ਹੋਵੇਗਾ :

(ੳ) ਗੁਰਮਤਿ ਸੰਗੀਤ ਪੱਧਤੀ ਸ਼ਬਦ ਪ੍ਰਧਾਨ ਹੈ, ਰਾਗ ਪ੍ਰਧਾਨ ਨਹੀਂ। ਇਸ ਪਰੰਪਰਾ ਦੇ ਗਾਇਕ ਦਾ ਲੱਕਸ਼ "ਹਉ ਅਨ ਦਿਨੁ ਹਰਿ ਨਾਮ ਕੀਰਤਨ ਕਰਉ" ਹੈ। ਇਸ ਪ੍ਰਣਾਲੀ ਵਿਚ ਪ੍ਰਮੁੱਖ ਸਥਾਨ ਸ਼ਬਦ ਦਾ ਹੈ ਅਤੇ ਦੂਜਾ ਸਥਾਨ ਸੰਗੀਤ ਦੇ ਬਾਕੀ ਅੰਗਾਂ-ਰਾਗ, ਤਾਲ ਆਦਿ ਨੂੰ ਦਿੱਤਾ ਜਾਂਦਾ ਹੈ। ਇਸ ਪੱਧਤੀ ਵਿਚ ਗੁਰਬਾਣੀ ਨੂੰ ਰਾਗ ਲਈ ਨਹੀਂ ਸਗੋਂ ਰਾਗ ਨੂੰ "ਰਾਮ ਕੇ ਗੁਣ" ਗਾਉਣ ਲਈ ਵਰਤਿਆ ਜਾਂਦਾ ਹੈ। ਗੁਰਬਾਣੀ ਦਾ ਰਾਗ ਤੇ ਕਲਾਤਮਕ ਪੱਖ ਇਤਨਾ ਵਿਗਿਆਨਿਕ ਅਤੇ ਪੂਰਣ ਹੈ ਕਿ ਇਸ ਵਿਚ ਕਿਸੇ ਭਾਂਤ ਦੀ ਘਾਟ-ਵਾਧ ਕਰਨ ਲਈ ਕੋਈ ਥਾਂ ਨਹੀਂ ਹੈ। ਬਹੁਤ ਸਾਰੇ ਕੀਰਤਨਕਾਰ ਆਪਣੀ ਅਲਪੱਗਤਾ ਦੇ ਕਾਰਣ ਉਸ ਸਰਬੱਗ ਅਤੇ ਸਰਬ ਕਲਾ ਸਮਰੱਥ ਗੁਰੂ ਦੀ ਰਚਨਾ ਨੂੰ ਤਰੁਟੀ ਪੂਰਣ ਸਮਝਕੇ ਕਈ ਵਾਰੀ "ਹਾਂ, ਜੀ, ਵਾਹਵਾ, ਹਉ ਵਾਰੀਆਂ, ਪਿਆਰਿਆ, ਰਾਮਰਾਜੇ" ਆਦਿ ਵਾਧੂ ਸ਼ਬਦ ਵਰਤਦੇ ਹਨ ਜਾਂ ਕਈ ਸਥਾਨਾਂ ਤੇ ਸ਼ਬਦ ਛੱਡ ਦਿੱਤੇ ਜਾਂਦੇ ਹਨ। ਇਸ ਦਾ ਕਾਰਣ ਇਹ ਹੁੰਦਾ ਹੈ ਕਿ ਸੁਰ-ਲਿੱਪੀਕਾਰ ਨੇ ਉਸ ਸ਼ਬਦ ਦੇ ਸਹੀ ਨਾਪ-ਤੋਲ ਨੂੰ ਨਹੀਂ ਸਮਝਿਆ। ਆਮ ਵੇਖਣ ਵਿਚ ਆਉਂਦਾ ਹੈ ਕਿ ਸੁਰ-ਰਚਨਾਕਾਰ ਦੇ ਮਨ ਵਿਚ ਕਿਸੇ ਬੰਦਸ਼ (ਰਚਨਾ) ਦੀ ਸੁਰਾਵਲੀ ਹੁੰਦੀ ਹੈ, ਉਸ ਦੇ ਸੁਰਾਂ ਤੇ ਸ਼ਬਦ ਨੂੰ ਬੈਠਾਉਣ ਦਾ ਯਤਨ ਕੀਤਾ ਜਾਂਦਾ ਹੈ, ਜਿਸ ਕਰਕੇ ਅਜਿਹੀਆਂ ਊਣਤਾਈਆਂ ਆਮ ਹੀ ਵੇਖਣ ਸੁਣਨ ਵਿਚ ਆਉਂਦੀਆਂ ਹਨ। ਗੁਰਬਾਣੀ ਵਿਚ ਆਪਣੇ ਵੱਲੋਂ ਕੁਝ ਮਿਲਾਉਣ ਦਾ ਕਿਸੇ ਨੂੰ ਵੀ ਅਧਿਕਾਰ ਨਹੀਂ ਹੈ।

(ਅ) ਇਤਿਹਾਸ ਦੇ ਜਾਣੂ ਇਸ ਗੱਲ ਤੋਂ ਭਲੀ ਭਾਂਤ ਪਰਿਚਿਤ ਹਨ ਕਿ ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਰਾਮ ਰਾਇ ਨੂੰ "ਮਿਟੀ ਮੁਸਲਮਾਨ ਕੀ" ਦੇ ਥਾਂ "ਮਿਟੀ ਬੇਈਮਾਨ ਕੀ" ਪਲਟਣ ਤੋਂ ਇਹ ਫੁਰਮਾਇਆ ਸੀ ਕਿ "ਸਾਡੇ ਮੱਥੇ ਨ ਲੱਗੋ" ਇਸ ਲਈ ਗੁਰ-ਬਾਣੀ ਕੀਰਤਨ ਵਿਚ ਆਪਣੇ ਵੱਲੋਂ ਕੁਝ ਮਿਲਾਉਣਾ ਜਾਂ ਛੱਡਣਾ ਇਕ ਸਾਧਾਰਣ ਭੁੱਲ ਹੀ ਨਹੀਂ ਸਗੋਂ ਇਕ ਨਾ ਬਖ਼ਸ਼ਿਆ ਜਾਣ ਵਾਲਾ ਬਹੁਤ ਵੱਡਾ ਗੁਨਾਹ ਹੈ।

(ੲ) ਗੁਰਮਤਿ ਸੰਗੀਤ ਪੱਧਤੀ ਦੀ ਗਾਇਨ ਪਰੰਪਰਾ ਵਿਚ ਸ਼ਬਦ ਦੀ ਆਧਾਰ-ਸ਼ਿਲਾ "ਰਹਾਉ" ਦੀ ਤੁੱਕ ਹੈ। ਰਹਾਉ ਦਾ ਅਰਥ ਹੈ ਟੇਕ, ਧਾਰਨਾ ਜਾਂ ਸਥਾਈ। ਹਰ ਸ਼ਬਦ ਦਾ ਆਰੰਭ ਰਹਾਉ ਤੋਂ ਕੀਤਾ ਜਾਂਦਾ ਹੈ, ਕਿਉਂ ਜੋ ਸਾਰੇ ਸ਼ਬਦ ਦਾ ਸਿੱਧਾਂਤ ਅਤੇ ਕੇਂਦਰੀ ਖ਼ਿਆਲ ਇਸੇ ਤੁੱਕ ਵਿਚ ਹੁੰਦਾ ਹੈ ਅਤੇ ਬਾਕੀ ਤੁਕਾਂ ਵਿਚ ਉਸ ਦੀ ਵਿਆਖਿਆ। ਜਿੱਥੇ ਕਿਤੇ ਪਹਿਲੇ ਰਹਾਉ ਨਾਲੋਂ ਖ਼ਿਆਲਾਂ ਵਿਚ ਪਲਟਾ ਆਉਂਦਾ ਹੈ ਤਾਂ ਗੁਰੂ ਸਾਹਿਬਾਨ ਨੇ ਰਹਾਉ ਦੂਜਾ, ਰਹਾਉ ਤੀਜਾ ਆਦਿ ਵੀ ਵਰਤਿਆ ਹੈ। ਉਦਾਹਰਣ ਵਜੋਂ :

ਅਛਲ ਚਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥
ਬਿਨੁ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥

ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਸੂਝਣੁ ਆਣਿ ਜਲਾਈਐ ॥ ੨ ॥
ਇਹ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥ ੧ ॥ ਰਹਾਉ ॥

ਗੁਰਮਤਿ ਗਾਇਕੀ ਦੀ ਤਕਨੀਕ ਅਨੁਸਾਰ ਇਸ ਸ਼ਬਦ ਦਾ ਮੁਖੜਾ ਰਹਾਉ ਵਾਲੀ ਤੁਕ "ਬਿਨੁ ਤੇਲੁ ਦੀਵਾ ਕਿਉ ਜਲੈ ॥" ਤੋਂ ਆਰੰਭ ਹੁੰਦਾ ਹੈ। ਸ਼ਬਦ ਦੇ ਮੁੱਢ ਵਿਚ ਮਾਨਸਿਕ ਅਵਸਥਾ ਅਤੇ ਦੂਜੀ ਤੁਕ ਵਿਚ ਇਸ ਦਾ ਹੱਲ ਦੱਸ ਕੇ ਰਹਾਉ ਵਿਚ ਵੀ ਪਲਟਾ ਆਇਆ ਹੈ। ਸਾਹਿਬ ਫ਼ੁਰਮਾਉਂਦੇ ਹਨ "ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥ ੧ ॥ ਰਹਾਉ ॥

ਕੈਸੀ ਅਦਭੁਤ ਤਕਨੀਕ ਹੈ ਇਹ, ਜਿਸ ਦੀ ਕਿ ਵਿਸ਼ਵ ਦੀ ਕਿਸੇ ਗਾਇਨ ਸ਼ੈਲੀ ਵਿਚ ਮਿਸਾਲ ਮਿਲਣੀ ਕਠਿਨ ਹੈ। ਇਕ ਸ਼ਬਦ ਵਿਚ ਇਸ ਭਾਂਤ ਦੋ ਜਾਂ ਤਿੰਨ "ਰਹਾਉ" ਦੀ ਵਰਤੋਂ ਕੇਵਲ ਗੁਰਮਤਿ ਸੰਗੀਤ ਪੱਧਤੀ ਦੀ ਹੀ ਨਿੱਜੀ ਵਿਸ਼ੇਸ਼ਤਾ ਹੈ। ਬਾਕੀ ਭਾਰਤੀ ਗਾਇਨ ਸ਼ੈਲੀਆਂ ਵਿਚ ਕੇਵਲ ਇਕ ਹੀ ਸਥਾਈ ਦੀ ਪ੍ਰਥਾ ਹੈ। ਇਸ ਤੋਂ ਸਪੱਸ਼ਟ ਹੈ ਕਿ ਗੁਰਮਤਿ ਪਰੰਪਰਾ ਵਿਚ ਸ਼ਬਦ ਦੇ ਭਾਵਾਂ ਦੀ ਕਿਤਨੀ ਮਹਾਨਤਾ ਹੈ।

ਹੁਣ ਪ੍ਰਸ਼ਨ ਇਹ ਉਤਪੰਨ ਹੁੰਦਾ ਹੈ ਕਿ ਜਿਨ੍ਹਾਂ ਸ਼ਬਦਾਂ ਜਾਂ ਸ਼ਲੋਕਾਂ ਵਿਚ ਰਹਾਉ ਦੀ ਤੁੱਕ ਨਹੀਂ ਉਨ੍ਹਾਂ ਦਾ ਆਰੰਭ ਕਿਥੋਂ ਕੀਤਾ ਜਾਵੇ ? ਜਿਨ੍ਹਾਂ ਸ਼ਬਦਾਂ ਵਿਚ ਰਹਾਉ ਦਾ ਅਭਾਵ ਹੈ ਉਨ੍ਹਾਂ ਨੂੰ ਵਿਚਾਰ ਪੂਰਵਕ ਅਰਥ ਭਾਵ ਸਮਝ ਕੇ ਪੜ੍ਹਨ ਤੋਂ ਇਸ ਦਾ ਉੱਤਰ ਸਹਿਜੇ ਹੀ ਮਿਲ ਜਾਂਦਾ ਹੈ। ਉਦਾਹਰਣ ਵਜੋਂ, ਮਲ੍ਹਾਰ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਲੋਕ ਇਉਂ ਹੈ :

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥

ਆਮ ਕੀਰਤਨਕਾਰ ਇਸ ਸ਼ਲੋਕ ਦੀ ਸਥਾਈ "ਵੈਦੁ ਬੁਲਾਇਆ ਵੈਦਗੀ" ਰਖਦੇ ਹਨ। ਜੇ ਕਰ ਇਸ ਸ਼ਲੋਕ ਦੇ ਅਰਥਾਂ ਦਾ ਧਿਆਨ ਪੂਰਵਕ ਵਿਸ਼ਲੇਸ਼ਣ ਕਰੀਏ ਤਾਂ ਸੁਭਾਵਿਕ ਹੀ ਇਸ ਦਾ ਕੇਂਦਰੀ ਖ਼ਿਆਲ ਸਾਨੂੰ ਉਪਲੱਬਧ ਹੋ ਸਕਦਾ ਹੈ। ਪਹਿਲਾ ਪੱਖ ਵੈਦ ਨੂੰ ਵੈਦਗੀ ਲਈ ਬੁਲਾ-

ਇਆ, ਦੂਜਾ ਉਹ ਨਾੜੀ ਵੇਖ ਕੇ ਰੋਗ ਲੱਭਦਾ ਹੈ, ਤੀਜਾ ਭੋਲਾ ਵੈਦ ਨਹੀਂ ਜਾਣਦਾ, ਅਤੇ ਚੌਥਾ ਗੁਰੂ ਜੀ ਫੁਰਮਾਉਂਦੇ ਹਨ ਕਿ ''ਕਰਕ ਕਲੇਜੇ ਮਾਹਿ''। ਮੇਰੇ ਵਿਚਾਰ ਅਨੁਸਾਰ ਇਸ ਸ਼ਲੋਕ ਦੀ ਸਥਾਈ ''ਕਰਕ ਕਲੇਜੇ ਮਾਹਿ'' ਹੈ, ਕਿਉਂ ਜੋ ਇਸ ਦਾ ਕੇਂਦਰੀ ਭਾਵ ''ਅੰਤਰ ਕੀ ਪੀੜਾ'' ਦਾ ਪ੍ਰਗਟਾਵਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਭਾਵੇਂ ਰਹਾਉ ਦੀ ਤੁਕ ਦ੍ਰਿਸ਼ਟੀਗੋਚਰ ਨਹੀਂ ਹੁੰਦੀ ਪਰ ਉਨ੍ਹਾਂ ਵਿਚ ਸਾਰੀ ਪਉੜੀ ਦਾ ਸਾਰ ਅੰਤਮ ਤੁਕ ਵਿਚ ਹੁੰਦਾ ਹੈ। ਇਸ ਲਈ ਵਾਰਾਂ ਨੂੰ ਗਾਉਣ ਵੇਲੇ ਅੰਤਮ ਤੁਕ ਨੂੰ ਸਥਾਈ ਬਣਾਉਣਾ ਚਾਹੀਦਾ ਹੈ!

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੇ ਅੰਕਾਂ ਦਾ ਗੁਰਮਤਿ ਪੱਧਤੀ ਦੀ ਗਾਇਕੀ ਨਾਲ ਬੜਾ ਗਹਿਰਾ ਸੰਬੰਧ ਹੈ। ਬਾਣੀ ਵਿਚ ਦੋ, ਤਿੰਨ ਜਾਂ ਚਾਰ ਤੁਕਾਂ ਤੋਂ ਬਾਅਦ ''੧'' ''੨'' ''੩'' ਅੰਕ ਲੱਗਾ ਹੁੰਦਾ ਹੈ। ਇਸ ਦਾ ਭਾਵ ਇਹੀ ਹੈ ਪਹਿਲੀ ਤੁਕ ਦੀ ਸਮਾਪਤੀ ਪਹਿਲੇ ਅੰਕ ਤੇ, ਦੂਜੀ ਦੀ ਦੂਜੇ ਅੰਕ ਤੇ ਅਤੇ ਤੀਜੀ ਦੀ ਤੀਜੇ ਅੰਕ ਤੇ। ਬਹੁਤ ਸਾਰੇ ਕੀਰਤਨਕਾਰ ਰਹਾਉ ਤੁਕ ਨੂੰ ਤਾਂ ਸਥਾਈ ਬਣਾ ਲੈਂਦੇ ਹਨ ਪਰ ਅੰਤਰੇ ਵਿਚ ਟਪਲਾ ਖਾ ਜਾਂਦੇ ਹਨ, ਜਿਵੇਂ :

ਐਸੀ ਕਿਰਪਾ ਮੋਹਿ ਕਰਹੁ ॥

ਸੰਤਹ ਚਰਣ ਹਮਾਰੋ ਮਾਥਾ, ਨੈਨ ਦਰਸੁ ਤਨਿ ਧੂਰਿ ਪਰਹੁ ॥ ੧ ॥ ਰਹਾਉ ॥

ਗੁਰ ਕੋ ਸਬਦੁ ਮੇਰੈ ਹੀਅਰੈ ਬਾਸੇ ਹਰਿ ਨਾਮਾ ਮਨ ਸੰਗਿ ਧਰਹੁ ॥''

ਅੰਤਰੇ ਦੀ ਇਕ ਤੁਕ ਕਹਿਣ ਤੋਂ ਪਿਛੋਂ ਹੀ ਸਥਾਈ ਵਿਚ ਪਰਤ ਆਉਂਦੇ ਹਨ ਜਦ ਕਿ ਤੁਕ ਪੂਰਣ ਹੁੰਦੀ ਹੈ ''ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥ ੧ ॥'' ਕਹਿਣ ਉਪਰੰਤ। ਗੁਰ ਪ੍ਰਣਾਲੀ ਦੀ ਤਕਨੀਕ ਅਨੁਸਾਰ ਅੰਕਾਂ ਦਾ ਧਿਆਨ ਰਖ ਕੇ ਗਾਇਆ ਜਾਣਾ ਅਤਿ ਲੋੜੀਂਦਾ ਹੈ।

ਮੇਰੇ ਵਰਗੇ ਅਲਪੱਗ ਜੀਵਾਂ ਲਈ ਜਿਨ੍ਹਾਂ ਨੇ ਕੇਵਲ ਸੱਤ ਅੱਖਰੀ ਵਰਣਮਾਲਾ (ਸਾ ਰੇ ਗ ਮ ਪ ਧ ਨੀ) ਹੀ ਥੋੜ੍ਹੀ ਬਹੁਤੀ ਪੜ੍ਹੀ ਹੈ, ਉਨ੍ਹਾਂ ਲਈ ਉਸ ਮਹਾਂ ਬਲੀਦਾਨੀ ਅਤੇ ਸੰਗੀਤ ਦੇ ਸਰਬਕਲਾ ਸੰਪੰਨ ਗੁਰੂ ਤੇਗ ਬਹਾਦਰ ਜੀ ਨੇ ਸੱਤਾਂ ਸੁਰਾਂ ਦੀ ਸੀਮਾਂ ਵਿਚ ਰਹਿੰਦਿਆਂ ਹੋਇਆਂ ਕਿਤਨਾ ਵਿਸ਼ਾਲ ਭੰਡਾਰ ਸੁਤੇ ਸਿੱਧ ਹੀ ਬਾਣੀ ਵਿਚ ਬਖਸ਼ਿਆ ਹੈ। ਗੁਰੂ ਜੀ ਦੀ ਬਾਣੀ ਪੜ੍ਹਨ ਤੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਪੂਰੀ ਤੁਕ ਵਿਚ ''ਸਰਗਮ'' ਹੀ ਗੂੰਦ ਕੇ ਰਖ ਦਿੱਤੀ ਹੈ। ਬਾਣੀ ਵਿਚੋਂ ਸੱਤ ਸੁਰਾਂ ਦੇ ਕੁਝ ਅੰਸ਼ ਇਸ ਤਰ੍ਹਾਂ ਹਨ :

ਸਾਧੋ, ਮਨ, ਨਿਸ ਦਿਨ, ਦੋਨੋ, ਸਮ, ਨਿੰਦਾ, ਪਦ, ਪ੍ਰਾਨੀ, ਸੁਪਨਾ, ਸਰਨ, ਮਗਨ, ਗੁਨ, ਮ੍ਰਿਗ, ਸੁਧਿ, ਗੁਨੀ, ਪੁਰਾਨ, ਸਾਧ, ਮਗ, ਸੁਨ, ਮਾਨਸ, ਸਦਾ ਸੰਗਿ, ਸਾਧੋ ਰਾਮ ਸਰਨਿ (ਬਿ) ਸਰਾਮਾ, ਪੁਰਾਨ ਪੜੇ, ਸਿਮਰੈ, ਨਾਮ, ਪਰਸੈ, ਸੁਰਗ, ਪੈਸਾ, ਮਨ ਰੇ, ਸੁੰਦਰ ਨਾਰੀ, ਸਿਰਾਨੀ, ਨਰ, ਰਾਮ ਨਾਮ ਗੁਨ, ਪਾਪ, ਦੀਨ, ਸਰਨਿ ਪਰੁ ਰੇ, ਧਰੁ ਰੇ, ਸਾਗਰ, ਧਨ, ਸੂਧੋ, ਸਰੈ, ਦਾਰਾ, ਸੰਗੀ, ਪਸਾਰੀ, ਨਾਨਾ ਰੂਪ ਧਰੇ, ਨੰਗੀ, ਪ੍ਰਾਣੀ, ਰੇ ਮਨ ਰਾਮ, ਰਸਨਾ, ਮਾਧੋ, ਪਸਾਰੇ, ਗ੍ਰਸਿ, ਧਨ ਪੂਰਨ, ਪਰਦਾਰਾ ਨਿੰਦਿਆ ਰਸ, ਦੀਨਾ, ਮਨ ਰੇ ਸਰਨਿ, ਸਿਮਰਨਿ, ਨਿਧਿ, ਪਾਪੀ, ਧਰਮੁ, ਗੁਰ-ਸਿਮਰੈ, ਦਰਪਨਿ, ਮੋ ਮਨ, ਸਾਧ ਸੰਗ, ਮਾਈ ਮਨ ਮੇਰੋ, ਪਰਧਨ ਪਰਦਾਰਾ, ਸੰਗਿ, ਮਦਿ,

ਮਰਮ ਨਾ, ਰੇ ਨਰ, ਨਾਮ ਮੁਰਾਰੀ, ਸਗਰੇ ਧਨ, ਨਿਰਧਨ, ਨਰ ਸੰਗੁ, ਪਸੁ, ਸਦਾ ਪਰਾਨੀ, ਆਸਾ ਮਨਸਾ, ਨਿਰਾਸਾ, ਪਾਨੀ ਸੰਗ ਪਾਨੀ, ਰਾਮ ਨਾਮ ਸਿਮਰਨ, ਪਰ ਨਿੰਦਾ, ਸੰਸਾ ਨਿਧਿ ਪਾਰ ਪਰਉ, ਸਰਨਾਰੀ, ਮੁਘਧ, ਰਾਮ ਨਾਮ ਮਾਨੋ ਸਗਰੋ, ਸੰਸਾਰਾ, ਰੂਪ, ਨਿਸਦਿਨ ਮੈ ਪ੍ਰਾਨੀ, ਮਨ ਮੇਰੋ, ਸੋ ਸੁਨਰੋ, ਅਮਰ, ਸਹਸਾ, ਰਾਮ ਸਰਨਿ ਨਹੀਂ, ਮਾਨੋ, ਨਰ ਗਰੂਆ, ਰਾਮ ਨਾਮ ਸੁਧਿ, ਗਰ ਮੈ, ਸੰਮ੍ਹਾਰ, ਸੰਪੈ, ਮਨ ਰਾਮ ਨਾਮ ਪਰੈ, ਧਨ ਦਾਰਾ, ਰੰਗ, ਸਮ ਸੁਪਨੇ, ਧਨ ਧਰਨੀ, ਸਗਰੀ, ਰਾਮ ਸਿਮਰ, ਰਾਮ ਸਿਮਰ, ਰੇ ਮਨ ਰਾਮ ਨਾਮ, ਸੋ, ਸਿਮਰਨ ਨਹ ਪਗਹੁ ਪਰੀ, ਸੁਪਨੇ ਪਸਾਰਿ, ਮੁਰਾਰੀ, ਨਿਸ ਦਿਨ ਸੁਨਿ (ਕੇ) ਪੁਰਾਨ, ਆਦਿ। ਇਹ ਇਨਸਾਨੀ ਕਿਰਤ ਨਹੀਂ। ਇਸ ਨੂੰ ਰੱਬੀ ਕਿਰਤ ਜਾਂ ਅਨੁਭਵ ਰੂਪ ਦਾ ਪ੍ਰਕਾਸ਼ ਹੀ ਆਖਿਆ ਜਾ ਸਕਦਾ ਹੈ।

ਇਸ ਪੁਸਤਕ ਵਿਚ ਗੁਰਬਾਣੀ ਦੀਆਂ ਸੁਰ ਰਚਨਾਵਾਂ ਕਰਨ ਵੇਲੇ ਮੈਂ ਗੁਰਮਤਿ ਸੰਗੀਤ ਦੇ ਉਪਰੋਕਤ ਸਾਰੇ ਬੁਨਿਆਦੀ ਸੰਕਲਪਾਂ ਤੇ ਬਾਰੀਕ ਸੂਖਮਤਾਵਾਂ ਨੂੰ ਧਿਆਨ ਵਿਚ ਰੱਖਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 16 ਰਾਗਾਂ ਵਿਚ ਸੰਕਲਿਤ ਹੈ ਅਤੇ ਸ਼ਲੋਕਾਂ ਉੱਤੇ ਰਾਗ ਦਾ ਸਿਰਲੇਖ ਨਹੀਂ ਦਿੱਤਾ ਗਿਆ ਕੇਵਲ "ਸਲੋਕ ਵਾਰਾਂ ਤੋਂ ਵਧੀਕ" ਹੀ ਲਿਖ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦਾ ਇਹ ਸਿਰਲੇਖ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਾਲ ਸਿੱਧਾ ਸੰਬੰਧ ਨਹੀਂ ਰੱਖਦਾ ਕਿਉਂ ਜੋ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਮੌਜੂਦ ਹੀ ਨਹੀਂ ਸੀ, ਫਿਰ ਵੀ ਸ਼ਲੋਕਾਂ ਦਾ ਗਾਇਨ ਗੁਰੂ ਸਾਹਿਬਾਨ ਦੇ ਸਮੇਂ ਤੋਂ ਪ੍ਰਚੱਲਿਤ ਹੈ ਕਿਉਂ ਜੋ ਗੁਰੂ ਅਰਜਨ ਦੇਵ ਜੀ ਨੇ ਵਾਰਾਂ ਵਿਚ ਸ਼ਲੋਕ ਦਰਜ ਕੀਤੇ ਹਨ ਜਾਂ ਵਾਰਾਂ ਸ਼ਲੋਕਾਂ ਸਹਿਤ ਹੀ ਰਚੀਆਂ ਗਈਆਂ ਹੋਣਗੀਆਂ, ਇਸ ਗੱਲ ਦੀ ਵੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਜਾਂ ਜਿਸ ਰਾਗ ਵਿਚ ਵਾਰ ਰਚੀ ਗਈ ਹੈ ਉਸੇ ਰਾਗ ਵਿਚ ਹੀ ਸ਼ਲੋਕਾਂ ਦਾ ਗਾਇਨ ਹੁੰਦਾ ਹੋਵੇਗਾ ਤਾਂ ਇਸ ਗੱਲ ਤੋਂ ਭਾਵ ਇਹ ਹੈ ਕਿ ਸ਼ਲੋਕਾਂ ਨੂੰ ਕਈ ਰਾਗਾਂ ਵਿਚ ਗਾਉਣ ਦੀ ਪ੍ਰਥਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਥਾਪਿਤ ਹੋ ਚੁੱਕੀ ਸੀ। ਇਸੇ ਭਾਵਨਾ ਨੂੰ ਮੁੱਖ ਰੱਖ ਕੇ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਨੂੰ ਭਿੰਨ ਭਿੰਨ ਰਾਗਾਂ ਵਿਚ ਲਿੱਪੀਬੱਧ ਕੀਤਾ ਗਿਆ ਹੈ। ਉਸ ਵਿਚ ਵੀ ਮੂਲ ਭਾਵ ਅਨੁਸਾਰ ਸਥਾਈ ਦਾ ਮੁਖੜਾ ਬੱਧਾ ਹੈ ਤਾਂ ਜੋ ਰਚਨਾ ਦਾ ਮੂਲ ਭਾਵ ਗਾਇਨ ਰਾਹੀਂ ਪੂਰਣ ਭਾਂਤ ਉਜਾਗਰ ਹੋ ਸਕੇ। ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਨੂੰ ਇਸ ਪੁਸਤਕ ਵਿਚ 16 ਰਾਗਾਂ ਵਿਚ ਲਿੱਪੀ ਬੱਧ ਕੀਤਾ ਗਿਆ ਹੈ।

ਮੈਨੂੰ ਗੁਰਮਤਿ ਸੰਗੀਤ ਅਤੇ ਗੁਰਬਾਣੀ ਦੇ ਪ੍ਰੇਮ ਅਤੇ ਕੀਰਤਨ ਦੀ ਬਖ਼ਸ਼ਿਸ਼ ਸ੍ਰੀ ਮਾਨ ਪੂਰਣ ਸੰਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਦੀ ਕ੍ਰਿਪਾ ਕਟਾਖ ਰਾਹੀਂ ਪ੍ਰਾਪਤ ਹੋਈ। ਮੇਰਾ ਲੂੰ ਲੂੰ ਉਨ੍ਹਾਂ ਲਈ ਰਿਣੀ ਹੈ, ਅਤੇ ਇਸ ਅੰਦਰਲੀ ਪ੍ਰੇਰਣਾ ਤੋਂ ਬਿਨਾਂ ਅਜਿਹੇ ਬਿਖਮ ਕਾਰਜ ਨੂੰ ਹੱਥ ਹੀ ਨਹੀਂ ਸੀ ਪਾਇਆ ਜਾ ਸਕਦਾ। ਫਿਰ ਕਈ ਸਾਲ ਪੰਜਾਬੀ ਯੂਨੀਵਰਸਿਟੀ ਦੇ ਵਰਤਮਾਨ ਵਾਈਸ-ਚਾਂਸਲਰ ਸ੍ਰੀਮਤੀ ਇੰਦਰਜੀਤ ਕੌਰ ਸੰਧੂ ਜੀ ਦੀ ਸਰਪਰੱਸਤੀ ਵਿਚ ਗੌਰਮਿੰਟ ਕਾਲਜ ਫ਼ਾਰ ਵਿਮੈਨ ਪਟਿਆਲਾ ਵਿਖੇ ਕੰਮ ਕਰਨ ਦਾ ਅਵਸਰ ਮਿਲਿਆ ਅਤੇ ਇਕ ਅਰਥਾਂ ਵਿਚ ਤਾਂ ਇਹ ਕਾਰਜ ਉਨ੍ਹਾਂ ਦੀ ਪ੍ਰੇਰਣਾ ਰਾਹੀਂ ਹੀ ਪੰਜ ਸਾਲ ਪਹਿਲਾਂ ਸ਼ੁਰੂ ਕੀਤਾ ਗਿਆ ਸੀ। ਅੱਜ ਇਹੀ ਕਾਰਜ ਸੰਪੂਰਣ ਕਰਕੇ ਉਨ੍ਹਾਂ ਨੂੰ ਵਾਈਸ-ਚਾਂਸਲਰ ਦੇ ਰੂਪ ਵਿਚ ਭੇਟ ਕਰਨ ਵਿਚ ਮੈਨੂੰ ਅਪਾਰ ਪ੍ਰਸੰਨਤਾ ਹੋ ਰਹੀ ਹੈ।

ਇਸ ਪੁਸਤਕ ਦੇ ਸਾਰੇ ਗੁਣ ਦਾਤੇ ਦੀ ਬਖਸ਼ਿਸ਼ ਹਨ ਅਤੇ ਤਰੁਟੀਆਂ ਤੇ ਦੋਸ਼ ਮੇਰੇ ਆਪਣੇ। ਮੈਨੂੰ ਆਸ ਹੈ ਕਿ ਜਿਸ ਸਾਰਥਿਕ ਉੱਦੇਸ਼ ਨੂੰ ਮੁੱਖ ਰੱਖ ਕੇ ਇਹ ਪੁਸਤਕ ਰਚੀ ਗਈ ਹੈ ਇਸ ਦਾ ਉਸੇ ਭਾਂਤ ਉਪਯੋਗੀ ਲਾਭ ਉਠਾਇਆ ਜਾਵੇਗਾ। ਜੇ ਗੁਰਮਤਿ ਸੰਗੀਤ ਦੀ ਪ੍ਰਤਿਨਿਧਿ ਅਤੇ ਪ੍ਰਮਾਣਿਕ ਪਰੰਪਰਾ ਨੂੰ ਸੁਰਜੀਤ, ਸੁਰੱਖਿਅਤ ਅਤੇ ਸਥਾਪਿਤ ਕਰਨ ਵਿਚ ਇਹ ਮੇਰਾ ਨਿਗੂਣਾ ਯਤਨ ਕੁਝ ਅਰਥ ਭਰਪੂਰ ਭੂਮਿਕਾ ਨਿਭਾ ਸਕਿਆ ਤਾਂ ਮੈਂ ਆਪਣੀ ਕਈ ਵਰ੍ਹਿਆਂ ਦੀ ਇਸ ਘਾਲ ਨੂੰ ਸਕਾਰਥ ਤੇ ਲੇਖੇ ਲੱਗੀ ਸਮਝਾਂਗਾ।

ਗੌਰਮਿੰਟ ਕਾਲਜ ਫਾਰ ਵਿਮੈਨ, **ਤਾਰਾ ਸਿੰਘ**
ਪਟਿਆਲਾ

ਸੁਰ-ਲਿੱਪੀ (NOTATION) ਦੇ ਚਿੰਨ੍ਹਾਂ ਦੀ ਜਾਣ-ਪਛਾਣ

(ੳ) ਕਿਸੇ ਸੁਰ ਤੇ ਜਿਸ ਵੇਲੇ ਇਕ ਮਾਤਰਾ ਠਹਿਰਨਾ ਹੋਵੇ ਤਾਂ ਉਸ ਨੂੰ ਇਸ ਤਰ੍ਹਾਂ ਲਿਖਿਆ ਜਾਂਦਾ ਹੈ :— ਸਾ ਰੇ ਗ ਮ ਪ ।

(ਅ) ਜਿਸ ਵੇਲੇ ਦੋ ਸੁਰਾਂ ਦਾ ਗਾਇਨ ਇਕ ਮਾਤਰਾ ਵਿਚ ਕਰਨਾ ਹੁੰਦਾ ਹੈ ਤਾਂ ਸੁਰਾਂ ਨੂੰ ਪੁੱਠੇ ਅੱਧੇ ਚੰਦ ਆਕਾਰ ਵਿਚ ਇਕੱਠਾ ਲਿਖਿਆ ਜਾਂਦਾ ਹੈ, ਜਿਵੇਂ :—ਸਾਰੇ ਗਮ ਪਧ ।

(ੲ) ਇਕ ਮਾਤਰਾ ਵਿਚ ਚਾਰ ਸੁਰਾਂ ਦੀ ਵਰਤੋਂ ਕਰਨ ਲਈ ਉਨ੍ਹਾਂ ਨੂੰ "ਸਾਰੇਗਮ ਰੇਗਮਪ ਗਮਪਧ" ਦੇ ਚਿੰਨ੍ਹਾਂ ਦੁਆਰਾ ਦਰਸਾਇਆ ਜਾਂਦਾ ਹੈ । ਇਸ ਚੰਦ ਆਕਾਰ ਵਿਚ ਆਏ ਸੁਰਾਂ ਤੇ ਬਰਾਬਰ ਬਰਾਬਰ ਠਹਿਰਾਉ ਦਿੰਦੇ ਹੋਏ ਗਾਇਨ ਕੀਤਾ ਜਾਂਦਾ ਹੈ, ਜਿਵੇਂ :—ਸਾਰੇਗਮਪਧ ਰੇਗਮਪਧਨੀ ਜਾਂ ਸਾਰੇਗਮਪਧਨੀਸਾਂ ।

(ਸ) ਜਦੋਂ ਕਿਸੇ ਮਾਤਰਾ ਦੇ ਦੋ ਸਮਾਨ ਭਾਗ ਬਣਾਉਣੇ ਹੁੰਦੇ ਹਨ ਤਾਂ ਅੱਧਾ ਵਿਰਾਮ ਜਾਂ ਕੌਮੇ " , " ਦੀ ਵਰਤੋਂ ਕਰਦੇ ਹਨ । ਸੁਰਾਂ ਦੀ ਕੌਮੇ ਦੁਆਰਾ ਸਮਾਨ ਵੰਡ ਇਸ ਤਰ੍ਹਾਂ ਕੀਤੀ ਜਾਂਦੀ ਹੈ :—ਧ, ਨੀਸਾਂ ਦਾ ਅਰਥ ਹੈ ਧ=1/2 ਮਾਤਰਾ ਅਤੇ ਨੀਸਾਂ ਦਾ ਭਾਵ ਹੈ 1/4 ਮਾਤਰਾ ।

(ਹ) ਸੁਰ ਦਾ ਉਚਾਰਣ ਦੀਰਘ (ਲੰਬਾ) ਕਰਨ ਲਈ ਉਸ ਦੇ ਸੱਜੇ ਪਾਸੇ ਡੈਸ਼ਾਂ (——— —) ਦੀ ਵਰਤੋਂ ਕੀਤੀ ਜਾਂਦੀ ਹੈ । ਕਿਸੇ ਸੁਰ ਤੇ ਜਿੰਨੇ ਡੈਸ਼ ਹੋਣ ਉਤਨੀਆਂ ਹੀ ਮਾਤਰਾਂ ਉਸ ਤੇ ਠਹਿਰਾਉ ਕੀਤਾ ਜਾਂਦਾ ਹੈ, ਜਿਵੇਂ :— ਸਾ — ਰੇ ਗ, ਪ——ਧ ਸਾं——— । ਅਰਥਾਤ ਸਾ ਤੇ ਦੋ, ਪ ਤੇ ਤਿੰਨ ਅਤੇ ਸਾं ਤੇ ਚਾਰ ਮਾਤਰਾਂ ਠਹਿਰਨਾ ਹੈ ।

(ਕ) ਸ਼ਬਦ ਦੇ ਬੋਲਾਂ ਨੂੰ ਲੰਬਾ ਕਰਨ ਲਈ ਅਵਗ੍ਰਾਹ (ऽ) ਚਿੰਨ੍ਹ ਦੀ ਵਰਤੋਂ ਹੁੰਦੀ ਹੈ, ਜਿਵੇਂ :—ਸਾ ऽ ਧੋ ऽ ਰਾ ऽ ऽ ਮ ਆਦਿ ।

(ਖ) ਸ਼ੁੱਧ ਸੁਰਾਂ ਦੇ ਦਰਸਾਉਣ ਲਈ ਕਿਸੇ ਚਿੰਨ੍ਹ ਦੀ ਵਰਤੋਂ ਨਹੀਂ ਹੁੰਦੀ, ਜਿਵੇਂ :— ਸਾ ਰੇ ਗ ਮ ਪ ਧ ਨੀ ।

(ਗ) ਕੋਮਲ ਸੁਰਾਂ ਦੇ ਹੇਠ ਇਕ ਲਕੀਰ ਲਗਾਈ ਜਾਂਦੀ ਹੈ, ਜਿਵੇਂ :— ਰ੍ ਗ੍ ਧ੍ ਨ੍ ।

(ਘ) ਤੀਬਰ ਮੱਧਿਅਮ ਸੁਰ ਤੇ ਖੜੀ ਲਕੀਰ (।) ਲਗਾਈ ਜਾਂਦੀ ਹੈ, ਜਿਵੇਂ :—ਮ ।

(ੜ) ਮੱਧ ਸਪਤਕ ਦੇ ਸੁਰ ਸਾਧਾਰਣ ਲਿਖੇ ਜਾਂਦੇ ਹਨ। ਭਾਵ ਉਨ੍ਹਾਂ ਸੁਰਾਂ ਦੇ ਉੱਤੇ ਜਾਂ ਹੇਠਾਂ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ, ਜਿਵੇਂ :—ਸਾ ਰੇ ਗ ਮ ਧ ਨੀ।

(ਚ) ਮੰਦਰ ਸਪਤਕ ਦੇ ਸੁਰਾਂ ਨੂੰ ਦਰਸਾਉਣ ਲਈ ਉਨ੍ਹਾਂ ਦੇ ਹੇਠਾਂ ਬਿੰਦੀ ਲਗਾਈ ਜਾਂਦੀ ਹੈ, ਜਿਵੇਂ :—ਨ਼ੀ ਧ਼ ਪ਼ ਮ਼ ਗ਼ ਰ਼ ਸ਼ਾ।

(ਛ) ਤਾਰ ਸਪਤਕ ਦੇ ਸੁਰਾਂ ਦੇ ਉੱਤੇ ਬਿੰਦੀ ਲਗਾਈ ਜਾਂਦੀ ਹੈ, ਉਦਾਹਰਣ ਵਜੋਂ :— ਸਾਂ ਰੇਂ, ਗਂ ਮਂ ਪਂ ਧਂ ਨੀਂ।

(ਜ) ਜਿਸ ਵੇਲੇ ਕਿਸੇ ਇਕ ਸੁਰ ਤੋਂ ਦੂਜੇ ਸੁਰ ਤੱਕ ਮੀਂਡ ਲੈਣ ਵੱਲ ਸੰਕੇਤ ਹੁੰਦਾ ਹੈ ਤਾਂ "‿" ਦਾ ਚਿੰਨ੍ਹ ਵਰਤਿਆ ਜਾਂਦਾ ਹੈ, ਜਿਵੇਂ :—ਸ‿ਾਪ ਜਾਂ ਧ‿ਪ‿ਗ।

(ਝ) ਕਣ, ਸਪਰਸ਼, ਛੋਹ ਜਾਂ GRACE NOTE ਸੁਰ ਦੇ ਉੱਤੇ ਖੱਬੇ ਜਾਂ ਸੱਜੇ ਪਾਸੇ, ਛੋਟੇ ਆਕਾਰ ਵਿਚ ਲਿਖਿਆ ਜਾਂਦਾ ਹੈ। ਕਣ, ਜੇ ਕਰ ਸੁਰ ਦੇ ਖੱਬੇ ਪਾਸੇ ਲਿਖਿਆ ਹੋਵੇ ਤਾਂ ਉਸ ਦਾ ਉਚਾਰਣ ਮੁੱਖ ਸੁਰ ਤੋਂ ਪਹਿਲਾਂ ਕੀਤਾ ਜਾਂਦਾ ਹੈ, ਇਸ ਨੂੰ ਪੂਰਵ ਲਗਣ ਕਣ ਆਖਦੇ ਹਨ। ਇਹ ਹੀ ਕਣ ਜੇ ਕਰ ਕਿਸੇ ਸੁਰ ਦੇ ਸੱਜੇ ਪਾਸੇ ਹੋਵੇ ਤਾਂ ਉਸ ਦਾ ਉਚਾਰਣ ਮੂਲ ਸੁਰ ਤੋਂ ਪਿੱਛੋਂ ਕੀਤਾ ਜਾਂਦਾ ਹੈ, ਇਸ ਨੂੰ ਅਨੁਲਗਣ ਕਣ ਕਹਿੰਦੇ ਹਨ। ਉਦਾਹਰਣ ਲਈ :—"ਸਾਂ ਸਾਂ ਨ਼ੀ ਨ਼ੀ" ਪੂਰਵ ਲਗਣ ਕਣ ਅਤੇ "ਸਾ ਸਾ ਰੇ ਰੇ" ਅਨੁਲਗਣ ਕਣ ਨੂੰ ਦਰਸਾਉਂਦਾ ਹੈ।

(ਞ) ਕਮਾਣੀਆਂ ਜਾਂ ਬਰੈਕਟ ਵਿਚ ਲਿਖੇ ਸੁਰ ਦਾ ਭਾਵ ਹੈ, ਪਹਿਲੇ ਉਸ ਤੋਂ ਉੱਚਾ ਸੁਰ, ਮੂਲ ਸੁਰ, ਫਿਰ ਨੀਵਾਂ ਸੁਰ ਅਤੇ ਬਾਅਦ ਵਿਚ ਮੁੱਖ ਸੁਰ, ਉਦਾਹਰਣ ਵਜੋਂ :—(ਸਾ)= ਰੇ ਸਾ ਨ਼ੀ ਸਾ, (ਰੇ) ਗ ਰੇ ਸਾ ਰੇ, (ਗ) ਮ ਗ ਰੇ ਗ, (ਮ) ਪ ਮ ਗ ਮ, ਆਦਿ।

(ਟ) ਹਰ ਇਕ ਤਾਲ ਦੀ ਪਹਿਲੀ ਮਾਤਰਾ ਉੱਤੇ ਸਮ ਲਈ ਇਹ " × " ਚਿੰਨ੍ਹ ਲਗਾਇਆ ਜਾਂਦਾ ਹੈ।

(ਠ) ਤਾਲ ਵਿਚ ਜਿਸ ਮਾਤਰਾ ਉਤੇ ਖ਼ਾਲੀ ਹੋਵੇ ਉਸ ਤੋਂ " 0 " ਸ਼ੂਨਯ ਜਾਂ ਜ਼ੀਰੋ ਦਾ ਚਿੰਨ੍ਹ ਲਗਾਇਆ ਜਾਂਦਾ ਹੈ।

(ਡ) ਹਰ ਤਾਲ ਵਿਚ ਸਮ ਅਤੇ ਖ਼ਾਲੀ ਤੋਂ ਬਿਨਾਂ, ਜਿਨ੍ਹਾਂ ਮਾਤਰਾਂ ਉੱਤੇ ਤਾਲੀ ਹੁੰਦੀ ਹੈ ਉਨ੍ਹਾਂ ਤੋਂ 2, 3, 4 ਆਦਿ ਅੰਕ ਲਿਖੇ ਜਾਂਦੇ ਹਨ।

(ਢ) ਜਿੱਥੇ ਕਿਸੇ ਤਾਲ ਦਾ ਕੋਈ ਵਿਭਾਗ ਸਮਾਪਤ ਹੋਵੇ ਉੱਥੇ ਖੜੀ ਲਕੀਰ ਲਗਾਈ ਜਾਂਦੀ ਹੈ, ਜਿਵੇਂ ਤਾਲ ਦਾਦਰਾ :— ਧਾ ਧਿੰ ਨਾ | ਧਾ ਤਿੰ ਨਾ |
× 0

"ਰਾਗ ਰਤਨਾਵਲੀ" ਵਿਚ ਵਰਤੇ ਗਏ ਤਾਲ ਅਤੇ ਉਨ੍ਹਾਂ ਦਾ ਸੰਖੇਪ ਪਰਿਚਯ

1. ਤਾਲ ਦਾਦਰਾ

ਇਸ ਤਾਲ ਦੀਆਂ ਛੇ ਮਾਤਰਾਂ ਹਨ ਅਤੇ ਤਿੰਨ ਤਿੰਨ ਮਾਤਰਾਂ ਦੇ ਦੋ ਵਿਭਾਗ ਕੀਤੇ ਜਾਂਦੇ ਹਨ। ਪਹਿਲੇ ਵਿਭਾਗ ਤੇ ਤਾਲੀ ਅਤੇ ਦੂਜੇ ਤੇ ਖ਼ਾਲੀ ਹੈ। ਅਰਥਾਤ ਪਹਿਲੀ ਮਾਤਰਾ ਤੇ ਸਮ ਅਤੇ ਚੌਥੀ ਮਾਤਰਾ ਤੇ ਖ਼ਾਲੀ ਹੈ। ਇਹ ਤਬਲੇ ਦਾ ਤਾਲ ਹੈ।

ਠੇਕਾ						
ਮਾਤਰਾਂ :	1	2	3	4	5	6
ਬੋਲ :	ਧਾ	ਧੀ	ਨਾ	ਧਾ	ਤੀ	ਨਾ
ਤਾਲੀ :	×			0		

2. ਤਾਲ ਕਹਿਰਵਾ

ਕਹਿਰਵਾ ਤਾਲ ਦੀਆਂ ਅੱਠ ਮਾਤਰਾਂ ਹਨ। ਇਸ ਨੂੰ ਚਾਰ ਵਿਭਾਗਾਂ ਵਿਚ ਵੰਡਿਆ ਜਾਂਦਾ ਹੈ। ਹਰ ਇਕ ਵਿਭਾਗ ਵਿਚ ਦੋ ਦੋ ਮਾਤਰਾਂ ਹਨ। ਪਹਿਲੀ ਮਾਤਰਾ ਤੇ ਸਮ, ਤੀਜੀ ਤੇ ਦੂਜੀ ਤਾਲੀ, ਪੰਜਵੀਂ ਤੇ ਖ਼ਾਲੀ ਅਤੇ ਸੱਤਵੀਂ ਤੇ ਤੀਜੀ ਤਾਲੀ ਹੈ। ਕਹਿਰਵਾ ਤਬਲੇ ਦਾ ਤਾਲ ਹੈ।

ਠੇਕਾ								
ਮਾਤਰਾਂ :	1	2	3	4	5	6	7	8
ਬੋਲ :	ਧਾ	ਗੇ	ਨਾ	ਤੀ	ਨਾ	ਕੇ	ਧੀ	ਨਾ
ਤਾਲੀ :	×		2		0		3	

3. ਤਾਲ ਰੂਪਕ

ਰੂਪਕ ਤਾਲ ਵਿਚ ਸੱਤ ਮਾਤਰਾਂ ਦਾ ਸਮਾਂ ਹੈ। ਇਸ ਵਿਚ ਤਿੰਨ ਵਿਭਾਗ ਹਨ। ਪਹਿਲੇ ਵਿਭਾਗ ਵਿਚ ਤਿੰਨ, ਦੂਜੇ ਅਤੇ ਤੀਜੇ ਵਿਚ ਦੋ ਦੋ ਮਾਤਰਾਂ ਹਨ। ਰੂਪਕ ਦੀ ਪਹਿਲੀ ਮਾਤਰਾਂ ਤੇ ਸਮ ਅਤੇ ਖ਼ਾਲੀ ਦਾ ਚਿੰਨ੍ਹ ਲਗਾਇਆ ਜਾਂਦਾ ਹੈ, ਚੌਥੀ ਅਤੇ ਛੇਵੀਂ ਮਾਤਰਾ ਤੇ ਦੂਜੀ ਅਤੇ ਤੀਜੀ ਤਾਲੀ ਦਾ ਚਿੰਨ੍ਹ ਲਗਾਇਆ ਹੁੰਦਾ ਹੈ। ਰੂਪਕ ਤਬਲੇ ਦਾ ਤਾਲ ਹੈ।

ਠੇਕਾ ਮਾਤਰਾਂ :	1	2	3	4	5	6	7
ਬੋਲ :	ਤੀ	ਤੀ	ਨਾ	ਧੀ	ਨਾ	ਧੀ	ਨਾ
ਤਾਲੀ :	⊗			2		3	

4. ਝਪ ਤਾਲ

ਝਪ, ਤਬਲੇ ਦਾ ਤਾਲ ਹੈ। ਇਸ ਤਾਲ ਵਿਚ ਦਸ ਮਾਤਰਾਂ ਦਾ ਸਮਾਂ ਹੁੰਦਾ ਹੈ, ਜਿਸ ਦੇ ਚਾਰ ਵਿਭਾਗ ਕੀਤੇ ਜਾਂਦੇ ਹਨ। ਪਹਿਲੇ ਵਿਭਾਗ ਵਿਚ ਦੋ ਮਾਤਰਾਂ, ਦੂਜੇ ਵਿਚ ਤਿੰਨ, ਤੀਜੇ ਵਿਚ ਦੋ ਅਤੇ ਚੌਥੇ ਵਿਭਾਗ ਵਿਚ ਤਿੰਨ ਮਾਤਰਾਂ ਹੁੰਦੀਆਂ ਹਨ। ਪਹਿਲੀ ਮਾਤਰਾਂ ਤੇ ਸਮ, ਤੀਜੀ, ਸੱਤਵੀਂ ਤੇ ਤਾਲੀ ਅਤੇ ਛੇਵੀਂ ਮਾਤਰਾਂ ਤੇ ਖ਼ਾਲੀ ਹੈ।

ਠੇਕਾ ਮਾਤਰਾਂ :	1	2	3	4	5	6	7	8	9	10
ਬੋਲ :	ਧੀ	ਨਾ	ਧੀ	ਧੀ	ਨਾ	ਤੀ	ਨਾ	ਧੀ	ਧੀ	ਨਾ
ਤਾਲੀ :	×		2			0		3		

5. ਇਕ ਤਾਲ

ਇਕ ਤਾਲ ਤਬਲੇ ਦਾ ਬੜਾ ਪ੍ਰਸਿੱਧ ਤਾਲ ਹੈ। ਇਸ ਤਾਲ ਵਿਚ ਬਾਰ੍ਹਾਂ ਮਾਤਰਾਂ ਦਾ ਸਮਾਂ ਹੈ, ਜਿਸ ਦੇ ਛੇ ਵਿਭਾਗ ਕੀਤੇ ਜਾਂਦੇ ਹਨ। ਹਰ ਇਕ ਵਿਭਾਗ ਵਿਚ ਦੋ ਦੋ ਮਾਤਰਾਂ ਹਨ। ਪਹਿਲੀ ਮਾਤਰਾਂ ਤੇ ਸਮ, ਪੰਜਵੀਂ, ਨੌਵੀਂ, ਗਿਆਰ੍ਹਵੀਂ ਤੇ ਤਾਲੀ, ਤੀਜੀ ਅਤੇ ਸੱਤਵੀਂ ਮਾਤਰਾਂ ਤੇ ਖ਼ਾਲੀ ਹੈ।

ਠੇਕਾ ਮਾਤਰਾਂ :	1	2	3	4	5	6	7	8	9	10	11	12
ਬੋਲ :	ਧਿੰ	ਧਿੰ	ਧਾਗੇ	ਤਿਟਕਿਟ	ਤੂ	ਨਾ	ਕ	ਤਾ	ਧਾਗੇ	ਤਿਟਕਿਟ	ਧੀ	ਨਾ
ਤਾਲੀ :	×		0		2		0		3		4	

6. ਚਾਰ ਤਾਲ

ਚਾਰ ਤਾਲ, ਮ੍ਰਿਦੰਗ ਜਾਂ ਪਖਾਵਜ ਦਾ ਪ੍ਰਸਿੱਧ ਤਾਲ ਹੈ। ਇਸ ਤਾਲ ਦੀ ਸੰਗਤਿ ਨਾਲ ਧਰੁਪਦ ਗਾਇਨ ਕੀਤਾ ਜਾਂਦਾ ਹੈ। ਇਸ ਦੀ ਵੰਡ ਅਤੇ ਤਾਲੀ ਖ਼ਾਲੀਆਂ ਦੀ ਰੂਪ ਰੇਖਾ ਇਕ ਤਾਲ ਦੇ ਹੀ ਸਮਾਨ ਹੈ ਪਰੰਤੂ ਬੋਲਾਂ ਵਿਚ ਅੰਤਰ ਹੈ। ਚਾਰ ਤਾਲ ਵਿਚ ਵੀ ਇਕ ਤਾਲ ਵਾਂਗ ਬਾਰ੍ਹਾਂ ਮਾਤਰਾਂ ਦਾ ਸਮਾਂ ਅਤੇ ਛੇ ਵਿਭਾਗ ਹਨ। ਪਹਿਲੀ ਮਾਤਰਾਂ ਤੇ ਸਮ, ਪੰਜਵੀਂ, ਨੌਵੀਂ ਅਤੇ ਗਿਆਰ੍ਹਵੀਂ ਮਾਤਰਾਂ ਤੇ ਤਾਲੀਆਂ ਹਨ। ਤੀਜੀ ਅਤੇ ਸੱਤਵੀਂ ਮਾਤਰਾਂ ਤੇ ਖ਼ਾਲੀ ਹਨ।

ਠੇਕਾ												
ਮਾਤਰਾਂ :	1	2	3	4	5	6	7	8	9	10	11	12
ਬੋਲ :	ਧਾ	ਧਾ	ਦਿੰ	ਤਾ	ਕਿਟ	ਧਾ	ਦਿੰ	ਤਾ	ਤਿਟ	ਕਤ	ਗਦੀ	ਗਨ
ਤਾਲੀ :	×		0		2		0		3		4	

7. ਤਿੰਨ ਤਾਲ

ਤਬਲੇ ਦੇ ਖੇਤਰ ਵਿਚ ਤਿੰਨ ਤਾਲ ਅਤਿਅੰਤ ਪ੍ਰਸਿੱਧ ਤਾਲ ਹੈ। ਇਸ ਤਾਲ ਵਿਚ ਸੋਲ੍ਹਾਂ ਮਾਤਰਾਂ ਦਾ ਸਮਾਂ ਹੁੰਦਾ ਹੈ। ਇਸ ਦੇ ਸਮਾਨ ਮਾਤਰਾਂ ਦੇ ਚਾਰ ਵਿਭਾਗ ਕੀਤੇ ਜਾਂਦੇ ਹਨ। ਪਹਿਲੀ ਮਾਤਰਾ ਤੇ ਸਮ, ਪੰਜਵੀਂ ਤੇ ਦੂਜੀ ਤਾਲੀ, ਨੌਵੀਂ ਤੇ ਖ਼ਾਲੀ ਅਤੇ ਤੇਰ੍ਹਵੀਂ ਮਾਤਰਾਂ ਤੇ ਤੀਜੀ ਤਾਲੀ ਹੈ।

ਠੇਕਾ																
ਮਾਤਰਾਂ	: 1	2	3	4	5	6	7	8	9	10	11	12	13	14	15	16
ਬੋਲ	: ਧਾ	ਧਿੰ	ਧਿੰ	ਧਾ	ਧਾ	ਧਿੰ	ਧਿੰ	ਧਾ	ਧਾ	ਤਿੰ	ਤਿੰ	ਤਾ	ਤਾ	ਧਿੰ	ਧਿੰ	ਧਾ
ਤਾਲੀ	: ×				2				0				3			

ਰਾਗ ਗਉੜੀ

ਸੰਖੇਪ ਪਰਿਚਯ

ਗਉੜੀ ਇਕ ਪ੍ਰਾਚੀਨ ਰਾਗ ਹੈ। ਗੁਰਮਤਿ ਸੰਗੀਤ ਸੰਪਰਦਾ ਵਿਚ ਇਸ ਰਾਗ ਨੂੰ ਬੜਾ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਰਾਗਾਂ ਨਾਲੋਂ ਵੱਧ ਬਾਣੀ ਇਸ ਰਾਗ ਵਿਚ ਉਪਲੱਬਧ ਹੁੰਦੀ ਹੈ।

ਪ੍ਰਾਚੀਨ, ਮੱਧ ਅਤੇ ਵਰਤਮਾਨ ਕਾਲ ਦੇ ਸੰਗੀਤ ਗ੍ਰੰਥਾਂ ਵਿਚ ਗਉੜੀ ਦੇ ਤਿੰਨ ਚਾਰ ਪ੍ਰਕਾਰਾਂ ਦਾ ਹੀ ਵਰਣਨ ਮਿਲਦਾ ਹੈ, ਜਿਵੇਂ :—ਗਉੜੀ ਭੈਰਵ ਮੇਲ, ਗਉੜੀ ਪੂਰਵੀ ਮੇਲ, ਗਉੜੀ ਚੇਤੀ ਅਤੇ ਗਉੜੀ ਲਲਿਤ ਆਦਿ। ਇਹ ਵੀ ਇਕ ਮਹਾਨ ਭਾਵ ਦੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਦੇ ਜਿੰਨੇ ਪ੍ਰਕਾਰ ਮਿਲਦੇ ਹਨ ਹੋਰ ਕਿਸੇ ਵੀ ਗ੍ਰੰਥ ਵਿਚ ਪਰਾਪਤ ਨਹੀਂ ਹੁੰਦੇ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਦੇ 9 ਪ੍ਰਕਾਰ ਇਸ ਤਰ੍ਹਾਂ ਹਨ : (1) ਗਉੜੀ, (2) ਗਉੜੀ ਗੁਆਰੇਰੀ, (3) ਗਉੜੀ ਚੇਤੀ, (4) ਗਉੜੀ ਬੈਰਾਗਣਿ, (5) ਗਉੜੀ ਦੀਪਕੀ, (6) ਗਉੜੀ ਪੂਰਬੀ, (7) ਗਉੜੀ ਮਾਝ, (8) ਗਉੜੀ ਮਾਲਵਾ ਅਤੇ (9) ਗਉੜੀ ਮਾਲਾ।

ਗਉੜੀ ਰਾਗ ਦੇ ਪ੍ਰਮੁੱਖ ਅੰਗ "ਗ ਰੁ ਸਾ ਰੁ ਸਾ ਰੁ ਨ੍ਰੀ ਸਾ ਨ੍ਰੀ ਧ੍ਰ ਨ੍ਰੀ" ਦਾ ਭਿੰਨ-ਭਿੰਨ ਰਾਗਾਂ ਨਾਲ ਸੁਮੇਲ ਕਰਕੇ ਉਕਤ ਪ੍ਰਕਾਰਾਂ ਦੀ ਸਿਰਜਣਾ ਕੀਤੀ ਗਈ ਹੈ। ਭਾਵੇਂ ਇਹ ਭਿੰਨ ਭਿੰਨ ਪ੍ਰਕਾਰ ਗਉੜੀ ਤੇ ਹੀ ਆਸ਼੍ਰਿਤ ਹਨ ਪਰੰਤੂ ਫਿਰ ਵੀ ਇਹ ਇਕ ਵੱਖਰਾ ਅਤੇ ਸੁਤੰਤਰ ਰੂਪ ਰਖਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਮੱਧ ਕਾਲ ਵਿਚ ਗੁਰਮਤਿ ਸੰਗੀਤ ਪੱਧਤੀ ਕਿੰਨੀ ਵਿਕਾਸ ਸ਼ੀਲ ਸੀ। ਪਰੰਤੂ ਕਿਸੇ ਵਿਗਿਆਨਿਕ ਸੁਰ-ਲਿੱਪੀ ਦੇ ਅਭਾਵ ਕਾਰਣ ਇਹ ਰਾਗ ਨਾਮ ਕੇਵਲ ਸਿਰਲੇਖ ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ, ਇਹ ਦੁਰਭਾਗ ਦੀ ਗੱਲ ਹੈ।

ਇਸ ਪੁਸਤਕ ਵਿਚ ਗਉੜੀ ਦੇ ਤਿੰਨ ਪ੍ਰਕਾਰ, ਜਿਨ੍ਹਾਂ ਨੂੰ ਕੇਵਲ ਗਉੜੀ ਹੀ ਮੰਨਿਆ ਜਾਂਦਾ ਹੈ, ਵਿਚ ਸ਼ਬਦ ਰਚਨਾਵਾਂ ਕੀਤੀਆਂ ਹਨ। ਇਸ ਦਾ ਮੁੱਖ ਕਾਰਣ ਇਹ ਹੈ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸਿਰਲੇਖ ਕੇਵਲ "ਰਾਗ ਗਉੜੀ" ਹੀ ਹੈ—ਗਉੜੀ ਪੂਰਬੀ ਜਾਂ ਗਉੜੀ ਮਾਲਾ ਨਹੀਂ। ਸੰਬੰਧਿਤ ਸ਼ਬਦ ਰਚਨਾਵਾਂ ਵਿਚ ਪਹਿਲਾ ਪ੍ਰਕਾਰ ਹੈ ਗਉੜੀ ਭੈਰਵ ਮੇਲ, ਦੂਜਾ ਗਉੜੀ ਪੂਰਬੀ ਮੇਲ ਅਤੇ ਤੀਜਾ ਗਉੜੀ ਪੂਰਬੀ ਮੇਲ, ਸ੍ਰੀ ਅੰਗ।

ਗਉੜੀ ਦੇ ਤਿੰਨਾਂ ਪ੍ਰਕਾਰਾਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਰਾਗ ਗਉੜੀ (ਭੈਰਵ ਮੇਲ)

ਪਰਿਚਯ

ਗਉੜੀ ਦਾ ਇਹ ਪ੍ਰਕਾਰ ਭੈਰਵ ਮੇਲ ਤੋਂ ਉਤਪੰਨ ਹੁੰਦਾ ਹੈ। ਇਸ ਵਿਚ ਸ਼ਡਜ, ਰਿਸ਼ਭ

ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ-ਅਵਰੋਹ ਵਿਚ ਸਤ ਹੀ ਸੁਰ ਵਕਰ ਰੀਤਿ ਨਾਲ ਵਰਤੇ ਜਾਂਦੇ ਹਨ, ਇਸ ਲਈ ਜਾਤੀ ਵਕਰ ਸੰਪੂਰਣ ਹੈ। ਕਈ ਲੇਖਕ ਗਉੜੀ ਦੇ ਇਸ ਪ੍ਰਕਾਰ ਵਿਚ ਗੰਧਾਰ ਅਤੇ ਧੈਵਤ ਵਰਜਿਤ ਕਰਦੇ ਹਨ ਅਤੇ ਅਵਰੋਹ ਸੰਪੂਰਣ। ਪਰੰਤੂ ਪਹਿਲਾ ਪ੍ਰਕਾਰ ਪ੍ਰਚਾਰ ਵਿਚ ਵਧੇਰੇ ਹੈ। ਇਸ ਰਾਗ ਦਾ ਵਾਦੀ ਮੱਧਿਅਮ ਅਤੇ ਸੰਵਾਦੀ ਸ਼ਡਜ ਹੈ। ਕੁਝ ਗੁਣੀ ਜਨ ਇਸ ਵਿਚ ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਅਤੇ ਕਈ ਗੰਧਾਰ ਵਾਦੀ ਅਤੇ ਨਿਸ਼ਾਦ ਸੰਵਾਦੀ ਮੰਨਦੇ ਹਨ, ਪਰ ਪਹਿਲਾ ਵਿਚਾਰ ਉਚਿਤ ਹੈ। ਗਉੜੀ ਦੇ ਇਸ ਪ੍ਰਕਾਰ ਵਿਚ ਕਾਲਿੰਗੜਾ ਰਾਗ ਦੀ ਰੰਗਤ ਵਧੇਰੇ ਕਰਣ (ਕੰਨ) ਗੋਚਰ ਹੁੰਦੀ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਭੈਰਵ ਮੇਲ ਤੋਂ ਉਤਪੰਨ ਹੋਣ ਕਾਰਣ ਕਈ ਕਲਾਕਾਰ ਇਸ ਨੂੰ ਸ਼ਾਮ ਦਾ ਭੈਰਵ ਵੀ ਆਖ ਦਿੰਦੇ ਹਨ। ਗਉੜੀ ਦੇ ਅਤਿ ਨਿਕਟ-ਵਰਤੀ ਰਾਗ ਭੈਰਵ ਅਤੇ ਕਾਲਿੰਗੜਾ ਹਨ। ਇਨ੍ਹਾਂ ਤਿੰਨਾਂ ਰਾਗਾਂ ਦੇ ਸੁਰ ਸਮਾਨ ਹੀ ਹਨ ਪਰੰਤੂ ਗਉੜੀ ਦਾ ਸਰੂਪ ਸਥਾਪਤ ਕਰਨ ਲਈ ਭੈਰਵ ਦੇ ਸੁਰਾਂ ਦਾ ਵਕਰ ਰੀਤਿ ਨਾਲ ਪ੍ਰਯੋਗ ਕੀਤਾ ਜਾਂਦਾ ਹੈ। ਗਉੜੀ ਨੂੰ ਉਨ੍ਹਾਂ ਦੋਹਾਂ ਰਾਗਾਂ ਤੋਂ ਨਿਖੇੜਨ ਲਈ ਮੰਦਰ ਨਿਸ਼ਾਦ ਤੇ ਵਿਸ਼ੇਸ਼ ਤੌਰ ਤੇ "ਮੁਕਾਮ" ਕੀਤਾ ਜਾਂਦਾ ਹੈ, ਜਿਵੇਂ :—"ਗ ਰੁ ਨ਼ੀ ਸਾ ਨ਼ੀ ਧੁ ਨ਼ੀ।" ਇਸ ਰਾਗ ਦੀ ਸਾਰੀ ਸੁੰਦਰਤਾ ਮੰਦਰ ਨਿਸ਼ਾਦ ਤੇ ਨਿਰਭਰ ਹੈ। ਗਉੜੀ ਦੇ ਪੂਰਵਾਂਗ ਵਿਚ "ਗ ਮ ਪ ਪ ਮ ਗ ਗ ਰੁ ਸਾ ਰੁ ਨ਼ੀ ਸਾ ਨ਼ੀ ਧੁ ਨ਼ੀ" ਅਤੇ ਉਤਰਾਂਗ ਵਿਚ "ਨ਼ੀ ਸਾਂ ਨ਼ੀ, ਧੁ ਨ਼ੀ ਧੁ, ਪ ਧੁ ਪ, ਮ, ਪ ਧੁ ਸਾਂ ਨ਼ੀ ਧੁ ਪ" ਸੁਰ-ਸੰਗਤੀਆਂ ਵਾਰ ਵਾਰ ਕੰਨ ਗੋਚਰ ਹੁੰਦੀਆਂ ਹਨ।

ਆਰੋਹ :—ਸਾ ਰੁ ਗ ਰੁ, ਗ ਮ ਪ ਮ, ਪ ਧੁ ਨ਼ੀ ਸਾਂ।

ਅਵਰੋਹ : - ਸਾਂ ਨ਼ੀ, ਧੁ ਪ, ਧੁ ਪ ਮ, ਰੁ ਗ, ਰੁ ਗ ਰੁ ਨ਼ੀ ਸਾ ਨ਼ੀ।

ਮੁੱਖ ਅੰਗ : ਸਾ ਧੁ ਪ ਧੁ ਮ ਪ ਗ ਮ, ਗ ਰੁ ਗ ਰੁ ਸਾ ਰੁ ਨ਼ੀ ਸਾ, ਨ਼ੀ ਧੁ ਨ਼ੀ।

ਰਾਗ ਗਉੜੀ (ਭੈਰਵ ਮੇਲ) ਸੁਰ ਵਿਸਤਾਰ

4. ਸਾ, ਸਾ ਰੁ ਸਾ ਸਾ ਨ਼ੀ ਧੁ ਨ਼ੀ, ਧੁ ਨ਼ੀ ਧੁ ਸਾ, ਨ਼ੀ ਰੁ ਸਾ ਰੁ ਨ਼ੀ ਧੁ ਨ਼ੀ, ਨ਼ੀ ਸਾ,

ਸਾ ਰੁ ਗ, ਰੁ ਸਾ, ਨ਼ੀ ਰੁ ਸਾ ਰੁ ਨ਼ੀ ਸਾ ਨ਼ੀ ਧੁ ਨ਼ੀ, ਸਾ ਰੁ ਗ ਮ, ਰੁ ਗ ਮ, ਗ ਰੁ ਗ ਰੁ

ਸਾ ਰੁ ਨ਼ੀ ਸਾ ਨ਼ੀ, ਸਾ ਰੁ ਗ ਮ ਗ, ਗ ਮ ਪ ਪ ਮ ਗ, ਮ ਗ ਗ ਰੁ ਰੁ ਸਾ ਸਾ ਨ਼ੀ,

ਸਾ ਰੁ ਗ ਮ ਪ ਪ ਮ ਗ ਮ, ਮ ਧੁ ਪ ਧੁ, ਮ ਪ ਗ ਮ, ਗ ਰੁ ਗ, ਰੁ ਸਾ, ਨ਼ੀ ਧੁ ਨ਼ੀ, ਧੁ ਨ਼ੀ ਧੁ ਸਾ ਨ਼ੀ ਰੁ ਸਾ ਰੁ ਨ਼ੀ ਨ਼ੀ ਸਾ।

2. ਸਾ ਰੁ ਗ ਰੁ ਗ ਮ, ਗ ਮ ਪ ਧੁ ਪ, ਪ ਧੁ ਪ ਧੁ ਮ ਪ ਗ ਮ, ਨ਼ੀ ਸਾ ਗ ਮ

ਸਾ ਰੁ ਗ ਪ ਮ, ਧੁ ਪ ਧੁ ਪ ਮ ਪ ਗ ਮ, ਸਾ ਗ ਮ ਧੁ ਪ ਪ, ਧੁ ਪ ਧੁ ਮ, ਨ਼ੀਨ਼ੀ

ਧੁ ਪ ਧੁ ਪ ਮ, ਮ ਨ਼ੀ ਨ਼ੀ ਧੁ ਪ ਮ, ਪ ਧੁ ਨ਼ੀ, ਧੁ ਨ਼ੀ, ਧੁ ਨ਼ੀ ਸਾਂ ਨ਼ੀ, ਧੁਪਧੁਮ,

ਪ ਧੁ ਨ਼ੀ ਧੁ ਪ, ਪ ਧੁ ਨ਼ੀ ਸਾਂ, ਧੁ ਨ਼ੀ ਸਾਂ ਨ਼ੀ, ਪ ਧੁ ਨ਼ੀ ਸਾਂ ਰੁਂ ਸਾਂ ਰੁਂ ਨ਼ੀ ਸਾਂ ਨ਼ੀ ਧੁ ਨ਼ੀ,

ਧ ਨੀ ਸਾਂ ਨੀ ਧ ਪ ਮ, ਰੇ ਗ ਰੇ ਮ ਗ ਰੇ ਸਾ ਰੇ ਨੀ, ਧ ਨੀ ਧ ਸਾ ਨੀ ਰੇ ਸਾ ਰੇ ਗ ਰੇ ਨੀ, ਸਾ ।

3. ਮ ਪ ਧ ਧ, ਪ ਧ ਨੀ, ਧ ਨੀ ਸਾ ਨੀ ਸਾਂ, ਨੀ ਰੇ॰ ਸਾਂ ਰੇ॰ ਨੀ ਸਾਂ ਨੀ ਧ ਨੀ, ਧ ਰੇ॰ ਸਾਂ ਰੇ॰ ਨੀ ਸਾਂ ਨੀ ਧ ਨੀ, ਨੀਸਾਂ ਰੇ॰ ਸਾਂ ਨੀਧ ਨੀ ਧਪ, ਪਧ ਨੀ ਧ ਪ ਮ, ਪ ਧ ਸਾਂ ਨੀ ਧ ਨੀ ਸਾਂ ਰੇ॰ ਸਾਂ ਸਾਂ ਨੀ, ਨੀ ਧ ਪ ਧ ਮ ਪ, ਪ ਧ ਨੀ ਸਾਂ ਧ ਨੀ ਸਾਂ, ਰੇ॰ ਨੀ ਸਾਂ, ਨੀ ਸਾਂ ਗਂ ਰੇ॰ ਸਾਂ, ਸਾਂ ਰੇ॰ ਗਂ ਰੇ॰ ਗਂ ਰੇ॰ ਨੀ ਸਾਂ, ਸਾਂ ਰੇ॰ ਗਂ ਰੇ॰ ਗਂ ਮਂ ਪਂ ਪਂ, ਮਂ ਗਂ, ਰੇ॰ ਗਂ ਰੇ॰ ਮਂ ਗਂ ਰੇ॰ ਸਾਂ ਰੇ॰ ਨੀ, ਸਾਂ ਰੇ॰ ਸਾਂ ਸਾਂ ਨੀ, ਧ ਨੀ ਧ ਸਾਂ ਨੀ ਧ ਨੀ ਧ ਪ, ਧ ਪ ਮ, ਪ, ਮ ਗ, ਮ ਗ ਰੇ, ਗ, ਰੇ ਸਾ ਰੇ ਨੀ ਨੀ ਸਾ ।

ਰਾਗ ਗਉੜੀ (ਪੂਰਵੀ ਮੇਲ)

ਪਰਿਚਯ

ਗਉੜੀ ਦਾ ਇਹ ਪ੍ਰਕਾਰ ਪੂਰਵੀ ਮੇਲ ਤੋਂ ਉਤਪੰਨ ਹੁੰਦਾ ਹੈ । ਇਸ ਵਿਚ ਸ਼ਡਜ, ਰਿਸ਼ਭ ਧੈਵਤ ਕੋਮਲ, ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ । ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ । ਇਸ ਦੇ ਗਾਉਣ ਦਾ ਵੇਲਾ ਗਉੜੀ ਦੇ ਬਾਕੀ ਪ੍ਰਕਾਰਾਂ ਵਾਂਗ ਹੀ ਸ਼ਾਮ ਦਾ ਹੈ । ਇਸ ਦੇ ਆਰੋਹ ਵਿਚ ਸੱਤ ਹੀ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ, ਇਸ ਲਈ ਜਾਤੀ ਵਕਰ ਸੰਪੂਰਣ ਹੈ ।

ਆਰੋਹ :— ਨੀ ਰੇ ਗ ਰੇ, ਮ॰ ਪ ਧ ਪ, ਨੀ ਸਾਂ ।

ਅਵਰੋਹ :— ਸਾਂ ਨੀ ਧ ਪ, ਮ॰ ਗ ਰੇ ਮ॰ ਗ ਰੇ, ਸਾ ਰੇ ਨੀ ਨੀ, ਸਾ

ਮੁੱਖ ਅੰਗ :— ਮ॰ ਗ ਰੇ ਮ॰ ਗ ਰੇ ਸਾ ਰੇ ਨੀ ਸਾ ਨੀ ਧ ਨੀ ।

ਸੁਰ ਵਿਸਤਾਰ ਰਾਗ ਗਉੜੀ (ਪੂਰਵੀ ਮੇਲ)

1. ਸਾ, ਨੀ ਰੇ ਸਾ ਸਾ, ਨੀ ਧ ਨੀ, ਨੀ ਰੇ ਗ ਰੇ ਸਾ, ਨੀ ਰੇ ਸਾ ਰੇ ਨੀ ਧ ਨੀ,

ਧ ਧ ਮ॰ ਧ ਨੀ ਸਾ,

ਮ॰ ਧ ਸਾ, ਨੀ ਰੇ ਸਾ ਨੀ ਧ ਨੀ, ਨੀ ਰੇ ਸਾ ਗ ਰੇ ਸਾ, ਰੇ ਸਾ ਨੀ ਸਾ ਧ ਨੀ

ਸਾ ਰੇ ਨੀ ਸਾ ਨੀ,

ਨੀ ਰੇ, ਮ॰ ਮ॰ ਰੇ ਗ, ਰੇ ਸਾ, ਨੀ ਰੇ ਸਾ ਰੇ ਨੀ ਧ ਨੀ, ਸਾ ਨੀ ਰੇ ਸਾ ਗ ਰੇ

ਪਾ ਮ॰ ਗ ਗ ਰੇ ਗ,

ਰ॒े ਗ ਰ॒े ਮ ਗ ਰ॒े ਗ ਰ॒े ਸਾ ਰ॒े ਨ॒ी ਨ॒ी ਸਾ,

2. ਸਾ ਸਾ ਪ ਪ, ਮ ਧ॒ ਮ ਗ, ਰ॒े ਗ, ਰ॒े ਸਾ ਰ॒े ਨ॒ी, ਸਾ, ਸਾ ਸਾ ਪ ਪ ਮ॒ ਧ॒ ਪ ਪ,

ਮ ਧ॒ ਨ॒ी ਧ॒ ਪ, ਮ ਧ॒ ਮ ਗ ਰ॒े ਗ, ਸਾ ਰ॒े ਸਾ ਰ॒े ਨ॒ी ਸਾ ਨ॒ी ਧ॒ ਨ॒ी ਰ॒े ਸਾ,

3. ਮ ਪ ਧ॒ ਮ ਧ॒ ਨ॒ी ਨ॒ी ਸं, ਸां ਰ॒ें ਨ॒ी ਸां ਨ॒ी ਧ॒ ਨ॒ी,

ਮ ਧ॒ ਨ॒ी ਸं ਨ॒ी ਰ॒ें ਸां, ਨ॒ी ਰ॒ें ਸां, ਗं ਰ॒ें ਸां, ਨ॒ी ਧ॒ ਨ॒ी,

ਰ॒ें ਗं ਰ॒ें ਗं ਰ॒ें ਮ ਗं ਰ॒ें

ਸां ਰ॒ें ਨ॒ी ਸां ਨ॒ी ਧ॒ ਨ॒ी, ਰ॒ें ਨ॒ी ਧ॒ ਪ, ਮ ਪ ਧ॒ ਮ ਪ ਧ॒ ਮ ਪ, ਰ॒े ਮ ਮ ਗ,

ਰ॒े ਗ ਗ ਰ॒े, ਨ॒ी ਰ॒े ਸਾ ਰ॒े ਨ॒ी ਸਾ ਨ॒ी ਧ॒ ਨ॒ी, ਸਾ ਨ॒ी ਧ॒ ਨ॒ी ਰ॒े ਗ ਰ॒े ਮ ਗ ਰ॒े ਸਾ ਰ॒े
ਨ॒ी ਨ॒ी ਰ॒े ਸਾ ।

ਰਾਗ ਗਉੜੀ ਪੂਰਵੀ ਮੇਲ (ਸ੍ਰੀ ਰਾਗ ਅੰਗ)

ਪਰਿਚਯ

ਗਉੜੀ ਦਾ ਇਹ ਪ੍ਰਕਾਰ ਅਪ੍ਰਚਲਿਤ ਰਾਗਾਂ ਦੇ ਵਰਗ ਵਿਚੋਂ ਹੈ। ਇਸ ਰਾਗ ਦੀ ਉਤਪਤੀ ਪੂਰਵੀ ਮੇਲ ਤੋਂ ਮੰਨੀ ਜਾਂਦੀ ਹੈ। ਇਸ ਪ੍ਰਕਾਰ ਵਿਚ ਸ਼ਡਜ, ਰਿਸ਼ਭ ਧੈਵਤ ਕੋਮਲ, ਗੰਧਾਰ ਵਰਜਿਤ, ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਵਰਤੇ ਜਾਂਦੇ ਹਨ। ਇਸ ਰਾਗ ਵਿਚ ਰਿਸ਼ਭ ਸੁਰ ਵਾਦੀ ਹੈ ਅਤੇ ਸੰਵਾਦੀ ਪੰਚਮ। ਸ਼ਾਸਤਰ ਦ੍ਰਿਸ਼ਟੀਕੋਣ ਤੋਂ ਭਾਵੇਂ ਰਿਸ਼ਭ ਕੋਮਲ ਅਤੇ ਪੰਚਮ ਵਿਚ ਸੰਵਾਦੀ ਭਾਵ ਨਹੀਂ ਹੈ ਪਰ ਪ੍ਰਕਾਰ ਵਿਚ ਇਸੇ ਮਤ ਦੇ ਧਾਰਣੀ ਵਧੇਰੇ ਹਨ। ਗਉੜੀ ਦੇ ਇਸ ਪ੍ਰਕਾਰ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ, ਅਵਰੋਹ ਵਿਚ ਕੇਵਲ ਗੰਧਾਰ ਵਰਜਿਤ ਹੈ ਇਸ ਲਈ ਜਾਤੀ ਔਡਵ-ਸ਼ਾਡਵ ਮੰਨੀ ਜਾਂਦੀ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦਾ ਮੁਹਾਂਦਰਾ ਕਈ ਸਥਾਨਾਂ ਤੇ ਸ੍ਰੀ ਰਾਗ ਨਾਲ ਰਲ ਮਿਲ ਜਾਂਦਾ ਹੈ, ਪਰੰਤੂ ਸ੍ਰੀ ਵਿਚ ਗੰਧਾਰ ਲਗਦਾ ਹੈ ਤੇ ਇਸ ਵਿਚ ਗੰਧਾਰ ਵਰਜਿਤ ਹੋਣ ਦੇ ਕਾਰਣ ਭਿੰਨ ਹੋ ਜਾਂਦਾ ਹੈ। ਇਸ ਪ੍ਰਕਾਰ ਵਿਚ ਸ੍ਰੀ ਅੰਗ ਦੀ ਪ੍ਰਧਾਨਤਾ ਹੈ। ਗਉੜੀ ਦੇ ਹੋਰ ਪ੍ਰਕਾਰਾਂ ਵਾਂਗ ਇਸ ਵਿਚ ਵੀ ਮੰਦਰ ਨਿਸ਼ਾਦ ਬੜਾ ਮਹੱਤਵ ਦਾ ਸੁਰ ਹੈ।

ਆਰੋਹ :—ਸਾ, ਰੇ ਮ ਪ, ਨੀ ਸਾਂ।

ਅਵਰੋਹ :—ਸਾਂ ਨੀ ਧ ਪ, ਮ ਰੇ ਨ੍ਰੀ ਰੇ ਸਾ,

ਮੁੱਖ ਅੰਗ :—ਰੇ ਨ੍ਰੀ, ਸਾ, ਪ, ਮ ਰੇ, ਰੇ ਰੇ ਸਾ।

ਸੁਰ ਵਿਸਤਾਰ ਰਾਗ ਗਉੜੀ (ਪੂਰਵੀ ਮੇਲ ਸ੍ਰੀ ਅੰਗ)

1. ਸਾ, ਸਾ ਰੇ ਸਾ ਸਾ ਨ੍ਰੀ, ਨ੍ਰੀ ਰੇ ਰੇ ਸਾ, ਨ੍ਰੀ ਸਾ ਰੇ ਸਾ ਰੇ ਨ੍ਰੀ, ਧ ਪ, ਮ ਪ ਧ ਪ ਮ
ਪ ਨ੍ਰੀ ਨ੍ਰੀ,

ਪ ਨ੍ਰੀ ਸਾ, ਪ ਨ੍ਰੀ ਰੇ ਸਾ ਰੇ ਨ੍ਰੀ, ਸਾ ਪ ਨ੍ਰੀ, ਰੇ ਸਾ, ਨ੍ਰੀ ਸਾ ਰੇਸਾ ਨ੍ਰੀ ਸਾ, ਮ ਰੇ
ਰੇ ਮ ਮ ਪ

ਮ ਰੇ ਮ ਰੇ, ਸਾ, ਨ੍ਰੀ ਰੇ ਸਾ ਰੇ ਨ੍ਰੀ ਸਾ ਨ੍ਰੀ, ਨ੍ਰੀ ਧ ਪ, ਮ ਪ ਨ੍ਰੀ ਨ੍ਰੀ, ਪ ਨ੍ਰੀ ਰੇ ਸਾ

2. ਮ ਮ ਰੇ ਸਾ, ਨ੍ਰੀ ਸਾ ਰੇ ਮ ਪ, ਸਾ ਰੇ ਨ੍ਰੀ ਸਾ, ਪ ਧ ਮ ਪ, ਮ ਪ ਰੇ ਮ ਪ, ਰੇ ਮ
ਪ ਧ ਮ ਪ

ਧ ਪ, ਧ ਮ ਰੇ, ਰੇ ਮ ਮ ਪ ਮ ਧ ਪ, ਮ ਪ ਧ ਪ ਮ ਪ ਨ੍ਰੀ ਧ ਪ, ਧ ਪ ਧ ਮ
ਪ ਮ ਪ ਰੇ

ਰੇ ਮ ਰੇ ਪ ਮ ਧ ਪ ਧ ਮ ਪ ਨ੍ਰੀ ਧ ਪ, ਮ ਪ ਸਾਂ ਨ੍ਰੀ ਧ ਪ, ਮ ਪ ਨ੍ਰੀ ਨ੍ਰੀ ਧ ਪ,

ਧ ਪ ਮ ਪ ਰੇ ਰੇ, ਰੇ ਮ ਮ ਪ ਧ ਮ ਮ ਰੇ ਰੇ ਸਾ ਧ ਨ੍ਰੀ, ਪ ਨ੍ਰੀ ਰੇ ਸਾ।

3. ਪ ਪ, ਮ ਪ ਧ ਪ, ਮ ਪ ਨ੍ਰੀ ਨ੍ਰੀ, ਧ ਪ ਮ ਪ ਸਾਂ ਨ੍ਰੀ, ਪ ਨ੍ਰੀ ਸਾਂ ਰੇ ਨ੍ਰੀ ਸਾਂ ਨ੍ਰੀ,

ਧ ਪ ਮ ਸਾਂ, ਮ ਪ ਨ੍ਰੀ ਸਾਂ ਪ ਨ੍ਰੀ ਸਾਂ ਰੇ ਨ੍ਰੀ ਸਾਂ ਨ੍ਰੀ, ਪ ਨ੍ਰੀ ਰੇ ਸਾਂ ਸਾਂ
ਨ੍ਰੀ ਰੇ ਸਾਂ,

ਨ੍ਰੀ ਰੇ ਮਂ ਮਂ ਰੇ ਮਂ ਰੇ, ਨ੍ਰੀ ਰੇ ਸਾਂ, ਨ੍ਰੀ ਸਾਂ ਰੇ ਸਾਂ ਰੇ ਨ੍ਰੀ, ਰੇ ਸਾਂ, ਨ੍ਰੀ ਸਾਂ,

ਨ੍ਰੀ ਨ੍ਰੀ ਧ ਪ, ਮ ਪ ਨ੍ਰੀ ਰੇ ਨ੍ਰੀ ਧ ਪ, ਮ ਪ ਨ੍ਰੀ ਸਾਂ ਨ੍ਰੀ ਰੇ ਮਂ ਰੇ ਰੇ ਸਾਂ ਨ੍ਰੀ ਰੇ
ਧ ਪ,

ਮ ਪ ਨ੍ਰੀ ਸਾਂ ਨ੍ਰੀ ਰੇ ਮਂ ਪਂ ਰੇ ਮਂ ਮਂ ਰੇ ਨ੍ਰੀ ਰੇ ਸਾਂ ਨ੍ਰੀ, ਰੇ ਨ੍ਰੀ ਧ ਪ, ਮ ਪ ਨ੍ਰੀ ਧ ਧਪ

ਮ ਪ ਧ ਮ ਰੇ, ਮ ਰੇ ਰੇ ਸਾ ਨ੍ਰੀ ਰੇ ਸਾ।

ਰਾਗ ਗਉੜੀ ਬਾਰੇ ਵਿਭਿੰਨ ਮਤ

ਪੰਜਾਬੀ ਸਾਹਿਤ ਦੇ ਇਕ ਮਹਾਨ ਵਿਦਵਾਨ ਨੇ ਪੁਰਾਤਨ ਗ੍ਰੰਥਾਂ ਦੇ ਆਧਾਰ ਤੇ **ਗਉੜੀ ਰਾਗ** ਦੇ ਨਾਦਾਤਮਕ ਸਰੂਪ ਦੀ ਵਿਆਖਿਆ ਇਉਂ ਕੀਤੀ ਹੈ : ' ਹਕੀਕਤ ਵਿਚ **ਗਉੜੀ ਰਾਗ** ਇਕ ਰਾਗਣੀ ਹੈ। ਗੁਰਮਤਿ ਸੰਗੀਤ ਵਿਚ ਇਹ ਸਿਰੀ ਰਾਗ ਦੀ ਰਾਗਣੀ ਮੰਨੀ ਗਈ ਹੈ। ਪਰ ਹੋਰ ਸੰਗੀਤ ਮਤਾਂ ਨੇ ਇਸ ਨੂੰ ਹੋਰਨਾਂ ਰਾਗਾਂ ਨਾਲ ਸੰਬੰਧਿਤ ਕੀਤਾ ਹੈ। ਪਰ ਇਹ ਰਾਗਣੀ ਗੁਰਮਤਿ ਸੰਗੀਤ ਵਿਚ ਸਿਰੀ ਰਾਗ ਦੀ ਰਾਗਣੀ ਹੈ, ਜਿਹਾ ਕਿ "ਗਵਰੀ ਗਾਵਹਿ ਆਸਾਵਰੀ।" (ਰਾਗ ਮਾਲਾ)। ਸਿਰੀ ਰਾਗ ਨਾਲ ਪਰਜ ਮਿਲੇ ਤੇ ਗੌੜੀ ਬਣਦੀ ਹੈ ; ਪਰੰਤੂ ਹੋਰ ਮਤਾਂ ਵਿਚ ਜਿਹਾ ਕਿ ਰਾਗਾਰਣਵ ਮਤ ਦਾ ਮਤ ਹੈ ਕਿ ਉਸ ਵਿਚ ਗੌੜੀ ਮਾਲਵ ਦੀ ਰਾਗਣੀ ਹੈ, ਸਿੱਧ ਸਾਰਸੁਤ ਮਤ ਵਿਚ ਦੀਪਕ ਦੀ ਰਾਗਣੀ ਹੈ, ਹਨੂਮਾਨ ਮਤ ਵਿਚ ਮਾਲਕੌਂਸ ਦੀ ਰਾਗਣੀ ਮੰਨੀ ਹੈ, ਜਿਹਾ ਕਿ ਜੈਜਾਵੰਤੀ, ਆਸਾਵਰੀ ਸੁੱਧ ਸੋਰਠ ਮਿਲ ਕੇ ਗੌਰੀ ਹੁੰਦੀ ਹੈ।" ਆਦਿ।

ਲੋਚਨ ਕਵੀ ਨੇ "ਰਾਗ ਤਰੰਗਿਣੀ" ਗ੍ਰੰਥ ਉੱਤਰ ਭਾਰਤੀ ਸੰਗੀਤ ਤੇ 15ਵੀਂ ਸਦੀ ਦੇ ਪੂਰਵਾਰਧ ਵਿਚ ਲਿਖਿਆ, ਜਿਸ ਵਿਚ ਉਹ ਗੌਰੀ ਦਾ ਵਰਣਨ ਇਉਂ ਕਰਦਾ ਹੈ : "ਸਾਯੰਕਾਲਸਤੁ **ਗੌਰੀ ਰਾਗ** ਸਯ ਭੂਤਲੇ।"

ਅਰਥਾਤ : **ਗੌਰੀ ਰਾਗ** ਸੰਝ ਸਮੇਂ ਗਾਇਆ ਜਾਂਦਾ ਹੈ। ਇਸੇ ਕਾਲ ਦਾ ਇਕ ਹੋਰ ਮਹਾਨ ਗਾਇਕ ਸ਼ਾਹ ਹੁਸੈਨ (1538 – 1599) ਨੇ ਆਪਣੀਆਂ ਰਚਨਾਵਾਂ ਵਿਚ ਸਿਰਲੇਖ ਦੇ ਰੂਪ ਵਿਚ "ਰਾਗ ਗਉੜੀ" ਲਿਖਿਆ ਹੈ। ਸ੍ਰੀ ਕ੍ਰਿਸ਼ਣਾਨੰਦ ਵਿਆਸ ਦੁਆਰਾ ਲਿਖਤ ਇਕ ਗ੍ਰੰਥ "ਸੰਗੀਤ ਕਲਪਦ੍ਰੁਮ (1842 ਈ.) ਵਿਚ ਗੌਰੀ ਨੂੰ **ਰਾਗ** ਮੰਨਿਆ ਹੈ।

ਗੁਰੂ ਅਰਜਨ ਦੇਵ ਜੀ ਦੇ ਇਕ ਅਨਿੰਨ ਸਿੱਖ ਅਤੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ (1559 ਈ.) ਹੋਏ ਹਨ। ਸਿੱਖ ਪੰਥ ਵਿਚ ਭਾਈ ਸਾਹਿਬ ਦੀਆਂ ਰਚਨਾਵਾਂ ਨੂੰ "ਗੁਰੂ ਗ੍ਰੰਥ ਦੀ ਕੁੰਜੀ" ਦਾ ਮਾਣ ਪਰਾਪਤ ਹੈ। ਆਪ ਦੀ ਬਾਣੀ ਨੂੰ ਪ੍ਰਮਾਣੀਕ ਮੰਨਿਆ ਜਾਂਦਾ ਹੈ ਅਤੇ ਕੀਰਤਨ ਵਿਚ ਗਾਉਣ ਦੀ ਪ੍ਰਥਾ ਵੀ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਣ ਦੀ ਸੇਵਾ ਦਾ ਮਾਣ ਭਾਈ ਗੁਰਦਾਸ ਜੀ ਨੂੰ ਹੀ ਬਖਸ਼ਿਆ ਸੀ। ਗੁਰ ਆਸ਼ੇ ਨੂੰ ਪ੍ਰਗਟਾਉਣ ਹਿਤ ਭਾਈ ਗੁਰਦਾਸ ਜੀ ਨੇ ਕਈ ਰਾਗਾਂ ਦੇ ਨਾਮ ਆਪਣੀਆਂ ਰਚਨਾਵਾਂ ਵਿਚ ਵਰਤੇ ਹਨ, ਜਿਵੇਂ : "ਬੋਲੇ ਅਗੇ ਗਾਵੀਏ ਭੈਰੋਂ ਸੌ **ਗਉੜੀ**।"

ਇਥੇ ਇਹ ਗੱਲ ਵਿਸ਼ੇਸ਼ ਵਰਣਨ ਯੋਗ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਰਾਗ-ਰਾਗਣੀ ਪੱਧਤੀ ਮੰਨਣ ਵਾਲੇ ਮਤ ਮਤਾਂਤਰਾਂ ਵਿਚ ਅਸਮਾਨਤਾ ਵੇਖ ਕੇ, ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ (ਸ੍ਰੀ ਗੁਰੂ ਗ੍ਰੰਥ ਵਿਚ ਦਰਜ ਬਾਣੀ, ਜਿਸ ਦੀ ਸ਼ਬਦ-ਸ਼ਲੋਕਾਂ ਸਹਿਤ ਸੰਖਿਆ 814 ਹੈ), ਵਿਚ ਸਭ ਸਥਾਨਾਂ ਤੇ "ਰਾਗ ਗਉੜੀ" ਲਿਖਵਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਸਥਾਨਾਂ ਤੇ ਬਾਣੀ ਦੇ ਅੰਤ ਜਿਚ "ਸੁੱਧ" ਜਾਂ "ਸੁਧੁ ਕੀਚੇ" ਲਿਖਿਆ ਮਿਲਦਾ ਹੈ। ਸੁੱਧ ਦਾ ਅਰਥ ਹੈ ਨਿਰਦੋਸ਼। ਜਿਸ ਦਾ ਭਾਵ ਇਹ ਹੈ ਕਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਕੋਲੋਂ ਬਾਣੀ ਲਿਖਵਾਉਣ ਸਮੇਂ ਲਗਾਂ, ਮਾਤਰਾਂ ਅਤੇ ਸ਼ਬਦ-ਜੋੜ ਸੋਧਣ ਉਪਰੰਤ ਬਾਣੀ ਦੇ ਅੰਤ ਵਿਚ "ਸੁੱਧ" ਸ਼ਬਦ ਲਿਖਵਾਇਆ।

ਅਤੇ "ਸੁਧੁ ਕੀਚੇ" ਦਾ ਭਾਵ ਹੈ "ਸੋਧਨ ਕਰੋ ! ਭੁੱਲ ਦੂਰ ਕਰੋ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਦੀ ਦੂਜੀ ਵਾਰ ਦੇ ਅੰਤ ਸ੍ਰੀ ਗੁਰੂ ਅਰਜਨ ਦੇਵ ਵੱਲੋਂ ਭਾਈ ਗੁਰਦਾਸ ਨੂੰ ਆਗਿਆ ਹੈ ਕਿ ਪਾਠ ਅਤੇ ਅੰਕ ਚੰਗੀ ਤਰ੍ਹਾਂ ਦੇਖ ਕੇ ਜੇ ਕੋਈ ਲਿਖਣ ਵਿਚ ਭੁੱਲ ਹੋਈ ਹੈ ਤਦ ਦੂਰ ਕਰੋ ।"

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਅਧਿਐਨ ਤੋਂ ਇਹ ਗੱਲ ਭਲੀ ਭਾਂਤ ਸਿੱਧ ਹੁੰਦੀ ਹੈ ਕਿ ਗੁਰੂ ਸਾਹਿਬਾਨ ਦੇ ਕਿਸੇ ਵੀ ਰਾਗੁ ਬਾਰੇ ਭਿੰਨ ਜਾ ਦੋ ਸ਼ਬਦ ਜੋੜ ਬਿਲਕੁਲ ਨਹੀਂ ਹਨ । ਸਤਿਗੁਰਾਂ ਦੇ ਸ਼ਬਦ ਜੋੜ ਹਨ : ਰਾਗੁ ਬਿਲਾਵਲੁ, ਰਾਗੁ ਸੋਰਠਿ, ਰਾਗੁ ਤਿਲੰਗ, ਰਾਗੁ ਬੈਰਾੜੀ, ਰਾਗੁ ਬਸੰਤ, ਰਾਗੁ ਗਉੜੀ ਆਦਿ । ਪਰੰਤੂ ਹੋਰ ਗ੍ਰੰਥਕਾਰਾਂ ਦੇ ਬਿਲਾਵਲੀ, ਸੋਰਠੀ, ਤੇਲੰਗੀ ਜਾਂ ਤ੍ਰੈਲੰਗੀ, ਬੈਰਾਰੀ, ਬਸੰਤੀ, ਗੌਰੀ ਜਾਂ ਗਵਰੀ, ਆਦਿ ਸ਼ਬਦ ਜੋੜ ਹਨ । ਭਾਈ ਗੁਰਦਾਸ ਜੀ ਦੇ ਅੱਖਰ ਜੋੜ ਗੁਰੂ ਸਾਹਿਬਾਨ ਨਾਲ ਠੀਕ ਸਮਾਨਤਾ ਰੱਖਦੇ ਹਨ । ਸੋ ਗੁਰਮਤਿ ਸੰਗੀਤ ਪੱਧਤੀ ਅਨੁਸਾਰ **ਗਾਉੜੀ ਰਾਗ** ਹੈ ਰਾਗਣੀ ਨਹੀਂ ।

ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ

ੴ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਮਹਲਾ ੯ ॥

ਸਾਧੋ ਮਨ ਕਾ ਮਾਨੁ ਤਿਆਗਉ
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥ ੧ ॥
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ
ਕਿਨਹੂੰ ਗੁਰਮੁਖਿ ਜਾਨਾ ॥ ੨ ॥ ੧ ॥

ਰਾਗ ਗਉੜੀ ਤਿੰਨਤਾਲ (ਭੈਰਵ ਮੇਲ)

ਸਥਾਈ :—

		ਗਮ ਪਪ ਮ ਗ	ਰੇ ਸਾ ਨ੍ਹੀ ਸਾ
		ਸਾ ऽ ऽऽ ਧੋ ऽ	ਮ ਨ ਕਾ ऽ
		0	3
ਨ੍ਹੀ ਧ ਸਾ ਨ੍ਹੀ	ਰੇ ਸਾ ਨ੍ਹੀ –	ਸਾ – ਧ ਪ	– ਧ ਮ –
ਮਾ ऽ ऽ ਨ	ਤਿਆ ऽ ਗਉ ऽ	ਕਾ – ਮ ਕੋ	ऽ ਧ ਸੰ ऽ
×	2	0	3
ਪ ਗ ਮ ਰੇ	ਗ ਗ ਗ –	ਪਧ ਨੀਨੀ ਧ ਪ	ਮਪ ਧਪ ਗ ਮ
ਗ ਤਿ ਦ੍ਰ ਰ	ਜ ਨ ਕੀ ऽ	ਤਾऽ ऽऽ ਤੇ ऽ	ਅऽ ਹਿऽ ਨਿ ਸਿ
×	2	0	3
ਪਧ ਨੀਸਾਂ ਨੀ ਧ	ਪਧ ਮਪ ਗਮ ਰੇਗ		
ਭਾऽ ऽऽ ऽ ऽ	ਗਉ ऽऽ ऽऽ ऽऽ		
×	2		

ਅੰਤਰਾ :—

		ਪ ਧ ਪ ਧ	ਨੀ – ਨੀ –
		ਸ ਖ ਦ ਖ	ਦੋ – ਨੋ ऽ
		0	3
ਸਾਂ ਸਾਂ ਸਾਂ ਰੇਂ	ਨੀ – ਸਾਂ –	ਰੇਂ ਗਂ ਰੇਂ ਮਂ	ਗਂ ਰੇਂ ਸਾਂ ਰੇਂ
ਸ ਮ ਕ ਰਿ	ਜਾ – ਨੋ ऽ	ਅਉ ऽ ਰ ਮਾ	ऽ ਨ ਅ ਪ
×	2	0	3
ਨੀ ਧ ਸਾਂ ਨੀ	ਰੇਂ ਸਾਂ ਨੀ –	ਨੀ ਸਾਂ ਨੀ, ਧ	– ਪ ਧ ਮ
ਮਾ ऽ ऽ ऽ	ऽ ऽ ਨਾ ऽ	ਹ ਰ ਖ, ਸੋ	ऽ ਗ ਤੇ ऽ
×	2	0	3
ਪ ਗ ਮ ਰੇ	ਗ – ਗ –	ਮ ਮ ਧ ਧ	ਪ– –ਪ – –, ਮ
ਰ ਹੈ ऽ ਅ	ਤੀ ऽ ਤਾ ऽ	ਤਿ ਨਿ ਜ ਗਿ	ਤऽ ऽਤ੍ਰ ऽऽ, ਪ
×	2	0	3
ਗਮ ਪਧ ਨੀਸਾਂ ਨੀਧ	ਪਧ ਮਪ ਗਮ ਰੇਗ		
ਛਾऽ ऽऽ ऽऽ ऽऽ	ਨਾऽ ऽऽ ऽऽ ऽऽ		
×	2		

ਗਉੜੀ ਮਹਲਾ ੯ ॥

ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ॥ ੧ ॥ ਰਹਾਉ ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ
ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ
ਜਿਉ ਸੁਪਨਾ ਰੈਨਾਈ ॥ ੧ ॥
ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ
ਰਹਿਓ ਰਾਮ ਸਰਨਾਈ ॥ ੨ ॥ ੨ ॥

ਰਾਗ ਗਉੜੀ (ਭੈਰਵ ਮੇਲ) ਤਿੰਨਤਾਲ

ਸਥਾਈ :-

		ਰ॒ ਗ ਰ॒ ਮ	ਗ ਰ॒ ਸਾ ਰ॒
		ਸਾ ऽ ਧॆ ऽ	ਰ ਚ ਨਾ ऽ
		0	3
ਨ़ੀ ਧ़ ਸਾ ਨ़ੀ	ਰ॒ ਸਾ ਨ़ੀ –	ਧ़ ਨ़ੀ ਧ़ ਸਾ	ਨ़ੀ ਰ॒ ਸਾ ਸਾ
ਰਾ ऽ ਬ	ਨਾ ऽ ਈ ऽ	ਇਕ॒ ਬਿ ਨ	ਸੈ ऽ ਇ ਕ
×	2	0	3
ਮ ਮ ਮ ਰ॒	ਗ – ਗ –	ਸਾ ਗ ਮ ਧ॒	ਪ ਮ ਰ॒ ਗ
ਅ ਸ ਥਿ ਰ॒	ਮਾ ऽ ਨੈ ऽ	ਅ ਚ ਹ ਜ॒	ਲ ਖਿ ਓ ਨ
×	2	0	3
ਮਮ ਰ॒ਗ ਮਪ ਮਗ	ਰ॒ਗ ਰ॒ਮ ਗਰ॒ ਸਾਨ़ੀ		
ਜਾऽ ऽऽ ऽऽ ऽऽ	ਈऽ ऽऽ ऽऽ ऽऽ		
×	2		
		ਅੰਤਰਾ :-	
		– ਪ – ਪ	ਪਧ॒ ਨ़ੀਸਾं ਨ़ੀ ਨ़ੀ
		ऽ ਕਾ ऽ ਮ	ਕ॒ऽ ऽऽ ऽ ਧ
		0	3
ਸां ਸां ਸां ਸां	ਸां – ਸां –	ਨ़ੀ ਸां ਨ़ੀ ਧ॒	ਪ ਧ॒ ਮ ਮ
ਮੋ ਹ ਬ ਸਿ	ਪ੍ਰ ऽ ਨ़ੀ ऽ	ਹ ਰਿ ਮ੍ਹ ऽ	ਰ ਤਿ ਬਿ ਸ
×	2	0	0
ਪਧ॒ ਸांਨ़ੀ ਧ॒ ਪ	ਮਪ ਗਮ ਰ॒ਗ –	ਸਾ ਗ ਮ ਧ॒	ਪ ਪ – ਧ॒
ਰਾऽ ऽऽ ऽ ऽ	ਈऽ ऽऽ ऽऽ –	ਝ ऽ ਠਾ ऽ	ਤ ਨ ऽ ਸ
×	2	0	3
ਮਪ ਧ॒ਪ ਮ ਗ	ਰ॒ ਮ ਗ –	ਗ ਮ ਪ ਧ॒	ਪਧ॒ ਨ़ੀਸां ਧ॒ ਪ
ਚਾऽ ऽऽ ਕ ਰਿ	ਮਾ ऽ ਨਿਓ ऽ	ਜਿਉ ऽ ਸ॒ ਪ	ਨਾऽ ऽऽ ਰੈ ऽ
×	2	0	3
ਪਧ॒ ਪਮ ਪਮ ਗਮ	ਗਰ॒ ਗਰ॒ ਸਾਰ॒ ਸਾਨ़ੀ		
ਨਾऽ ऽऽ ऽऽ ऽऽ	ਈऽ ऽऽ ऽऽ ऽऽ		
×	2		

ਗਉੜੀ ਮਹਲਾ ੯ ॥

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ
ਕਹੁ ਕੈਸੇ ਗੁਨ ਗਾਵੈ ॥ ੧ ॥ ਰਹਾਉ ॥
ਪੂਤ ਮੀਤ ਮਾਇਆ ਮਮਤਾ ਸਿਉ
ਇਹ ਬਿਧਿ ਆਪੁ ਬੰਧਾਵੈ ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ
ਦੇਖਿ ਤਾਸਿ ਉਠਿ ਧਾਵੈ ॥ ੧ ॥
ਭੁਗਤਿ ਮੁਕਤਿ ਕਾ ਕਾਰਨੁ ਸੁਆਮੀ
ਮੂੜ ਤਾਹਿ ਬਿਸਰਾਵੈ ॥
ਜਨ ਨਾਨਕ ਕੋਟਨ ਮੈ ਕੋਉ
ਭਜਨੁ ਰਾਮ ਕੋ ਪਾਵੈ ॥ ੨ ॥ ੩ ॥

ਰਾਗ ਗਉੜੀ (ਭੈਰਵ ਮੇਲ) ਤਾਲ ਕਹਿਰਵਾ

ਸਥਾਈ :—

			ਨ਼ੀਸਾ ਰ॒ੇਸਾ ਨ਼ੀ ਧ॒
			ਪ॒ਾ॒ ऽऽ ਨੀ ऽ
			0
ਨ਼ੀ – – –	ਸਾ ਗ ਮ ਧ॒	ਪ ਮ ਗ ਰ॒	ਗ – ਗ –
ਕਉ ऽ ऽ ऽ	ਹ ਰਿ ਜ ਸ॒	ਮ ਨਿ ਨ ਹੀ	ਆ ऽ ਵ॒ै ऽ
×	0	×	0
ਗ ਮ ਪ ਮ	ਗ ਰ॒ ਨ਼ੀ ਰ॒	ਸਾ ਰ॒ ਸਾ –	– – – –
ਹ ਰਿ ਜ ਸ॒	ਮ ਨਿ ਨ ਹੀ	ਆ ऽ ਵ॒ै ऽ	ऽ ऽ ऽ ऽ
×	0	×	0
ਧ॒ਨ਼ੀ ਸਾਰ॒ੇ ਨ਼ੀ ਸਾ	ਮ ਗ ਨ਼ੀ ਰ॒	ਸਾ – – ਮ	ਗਮ ਪਧ॒ ਪ –
ਅ॒ऽ ਹਿ॒ऽ ਨਿ ਸਿ	ਮ ਗ ਨ॒ ਰ	ਹੈ ऽ ऽ ਮਾ	ਇ॒ਆ॒ ऽऽ ਮੈ ऽ
×	0	×	0
ਧ॒ ਪ ਧ॒ ਮ	ਪਧ॒ ਨ਼ੀਸਾਂ ਧ॒ ਪ	ਮ ਗ ਮ ਰ॒	ਗ – ਗ –
ਕ ਹ॒ ਕੈ ऽ	ਸ॒ੇ॒ऽ ऽऽ ਗ॒ ਨ	ਗਾ ऽ ऽ ऽ	ऽ ऽ ਵ॒ै ऽ
×	0	×	0
ਗ ਮ ਪ ਮ	ਗਰੇ ਨ਼ੀ ਰ॒	ਸਾ – ਸਾ –	
ਕ ਹ॒ ਕੈ ऽ	ਸ॒ੇऽ ਗ॒ ਨ	ਗਾ ऽ ਵ॒ै ऽ	
×	0	×	
ਨ਼ੀ ਸਾ ਸਾ, ਗ	ਮ ਮ ਮ –	ਪ – ਧ॒ ਪ	ਧ॒ ਮ ਗ –
ਪ॒ ऽ ਤ, ਮੀ	ऽ ਤ ਮਾ ऽ	ਇਆ॒ऽ ਮ ਮ	ਤਾ ऽ ਸਿ॒ਉ ऽ
×	0	×	0
ਗ ਗ ਮ ਪ	ਮ ਗ ਰ॒ ਮ	ਗ – ਗ –	– – – –
ਇ ਹ ਬਿ ਧਿ	ਆ ऽ ਪ॒ ਬੰ	ਧਾ ऽ ਵ॒ै ऽ	ऽ ऽ ऽ ऽ
×	0	×	0
ਪ ਧ॒ ਪ ਧ॒	ਪਧ॒ ਨ਼ੀਸਾਂ ਨੀ –	ਸਾਂ ਰ॒ੇ॒ ਸਾਂ ਰ॒ੇ॒	ਨੀ ਨੀ ਸਾਂ ਸਾਂ
ਮ੍ਰਿ ਗ ਤ੍ਰਿ ਸ	ਨ॒ਾ॒ऽ ऽऽ ਜਿ॒ਉ ऽ	ਝ॒ ऽ ਠॆ ऽ	ਇ ਹ ਜ ਗ
×	0	×	0
ਨ਼ੀਸਾਂ ਰ॒ੇ॒ਸਾਂ ਨੀ, ਧ॒ਨ਼ੀ	ਸਾਂ ਨੀ ਧ॒, ਪਧ॒ ਮ	ਪਧ॒ ਨ਼ੀਸਾਂ ਧ॒ ਪ	ਮਪ ਗਮ ਰ॒ੇ॒ ਗ –
ਦ॒ੇ॒ऽ ऽऽ ਖਿ ਤ॒ਾ॒ऽ	ऽऽ ਸਿ, ਉ॒ऽ ਠਿ	ਧ॒ਾ॒ऽ ऽऽ ऽ ऽ	ਵ॒ੈ॒ऽ ऽऽ ऽऽ ऽ
×	0	×	0
ਰ॒ੇ॒ਗ ਰ॒ੇ॒ਪ ਮ ਗ	– ਰ॒ ਨ਼ੀ ਰ॒	ਸਾ – ਸਾ –	
ਦ॒ੇ॒ऽ ऽऽ ਖਿ ਤ॒ਾ	ऽ ਸਿ ਉ ਠਿ	ਧਾ ऽ ਵ॒ै ऽ	
×	0	0	

ਅੰਤਰਾ :—

ਗਉੜੀ ਮਹਲਾ ੯ ॥

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤ ਹੈ
ਯਾ ਤੇ ਥਿਰੁ ਨ ਰਹਾਈ ॥ ੧ ॥ ਰਹਾਉ ॥
ਕਠਨ ਕ੍ਰੋਧ ਘਟ ਹੀ ਕੇ ਭੀਤਰਿ
ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ
ਤਾ ਸਿਉ ਕਛੁ ਨ ਬਸਾਈ ॥ ੧ ॥
ਜੋਗੀ ਜਤਨ ਕਰਤ ਸਭਿ ਹਾਰੇ
ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ ॥ ੨ ॥ ੪ ॥

ਰਾਗ ਗਉੜੀ (ਭੈਰਵ ਮੇਲ) ਤਿੰਨਤਾਲ

ਸਥਾਈ :—	ਸਾ – ਧ –	ਮਪ ਧਪ ਮ ਗ	ਰੇ ਸਾ ਨ਼ੀ ਧ
	ਸਾ ऽ ਧੋ ऽ	ਇਓ ਹੁ ਮ ਨੂ	ਗ ਹਿਓ ऽ ਨ
	2	0	0
ਨ਼ੀ – ਨ਼ੀ –	– – – –	ਨ਼ੀਸਾ ਰੇਸਾ ਧ ਨ਼ੀ	ਧ ਰੇ ਨ਼ੀ –
ਜਾ ऽ ਈ ऽ	ऽ ऽ ऽ ऽ	ਚੰਡ ऽऽ ਚ ਲ	ਤ੍ਰਿ ਸ ਨਾ ऽ
×	2	0	0
ਸਾ – ਗ ਰੇ	ਮ ਗ ਰੇ ਸਾ	ਮ ਪ ਮਪ ਧਪ	ਮ ਗ ਰੇ ਮ
ਸੰ ऽ ਗਿ ਬ	ਸ ਤ ਹੈ ऽ	ਯਾ ऽ ਤੇਓ ऽ ऽ	ਥਿ ਰੁ ਨ ਰ
×	2	0	3
ਗ ਰੇ ਸਾ ਨ਼ੀ ਹਾ ऽ ਈ ऽ ×			
	ਅੰਤਰਾ :—	ਪ ਧ ਪ ਧ ਕ ਠ ਨ ਕ੍ਰ 0	ਨੀ ਧ ਨੀ ਨੀ ऽ ਧ ਘ ਟ 3
ਸਾं – ਸਾं – ਹੀ ऽ ਕੇ ऽ ×	ਸਾं – ਸां ਸां ਭੀ ऽ ਤ ਰਿ 2	ਧ ਨੀ ਧ ਸां ਜਿ ਹ ਸੁ ਧਿ 0	ਨੀ ਰें ਸां ਗं ਸ ਭ ਬਿ ਸ 0
ਰें ਸां ਨੀਸां ਰें ਸां	ਨੀ ਧ ਸां ਨੀ	ਰें ਸां ਨੀਧ ਨੀ	– ਨੀ ਧ ਪ
ਰਾ ऽ ऽऽ ऽऽ	ਈ ऽ ऽ ऽ	ਰ ਤ ਨੂऽ ਗਿਆ	ऽ ਨੂ ਸ ਭ
×	2	0	3
ਮਪ ਧਪ ਮ ਗ	ਰੇ ਮ ਗ –	ਗਮ ਪਧ ਮ ਪ	ਮ ਗ ਰੇ ਮ
ਕੌऽ ऽऽ ਹਿ ਰਿ	ਲੀ ऽ ਨਾ ऽ	ਤਾऽ ऽऽ ਨਿਉ ऽ	ਕ ਛੁ ਨ ਬ
×	2	0	3
ਗ ਰੇ ਸਾ ਨ਼ੀ ਸਾ ऽ ਈ ऽ ×			

ਗਉੜੀ ਮਹਲਾ ੯ ॥

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥ ੧ ਰਹਾਉ ॥
ਪਤਿਤ ਪੁਨੀਤ ਦੀਨ ਬੰਧ ਹਰਿ
ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ ॥ ੧ ॥
ਤਜਿ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ
ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮਖਿ ਹੋਇ ਤੁਮ ਪਾਵਉ ॥ ੨ ॥ ੪ ॥

ਰਾਗ ਗਉੜੀ (ਭੈਰਵ ਮੇਲ) ਤਿੰਨਤਾਲ*

ਸਥਾਈ : –		ਸਾ ਧ ਪ ਮ	ਗਮ ਪਮ ਗ ਰੇ
		ਸਾ ऽ ਧੌ ऽ	ਗੌऽ ऽऽ ਬਿੰ ਦ
		0	0
ਸਾ – ਰੇ ਨ਼ੀ	ਸਾ – ਸਾ –	ਨ਼ੀ ਸਾ ਗ ਗ ਰੇ ਸਾ	ਗ ਮ ਮ ਮ
ਕੇ ऽ ਗੁ ਨ	ਗਾ ऽ ਵਉ ऽ	ਮਾऽ ऽऽ ਨ ਸ	ਜ ਨ ਮੁ ਅ
×	2	0	3
ਗਮ ਪਧ ਪ ਧ	ਮਪ ਧਪ ਮ ਰੇਗ	ਗ ਮ ਪ ਧ	ਪਧ ਨ਼ੀਸਾਂ ਨ਼ੀ ਸਾਂ
ਮੌऽ ऽऽ ਲ ਕ	ਪਾऽ ऽऽ ਇਓ ऽऽ	ਬਿ ਰ ਥਾ ऽ	ਕਾऽ ऽऽ ਹੇ ਗ
×	2	0	3
ਧੁਨ਼ੀ ਸਾਂ ਨ਼ੀ ਧ ਪ	ਮਪ ਧਪ ਮ ਰੇਗ	ਮ ਧ ਪ ਮ	ਗਮ ਪਮ ਗ ਰੇ
ਵਾऽ ऽऽ ऽ ऽ	ਵਉ ऽऽ ऽ ऽ	ਸਾ ऽ ਧੌ ऽ	ਗੌऽ ऽऽ ਬਿੰ ਦ
×	2	0	3
ਸਾ – ਰੇ ਨ਼ੀ	ਸਾ – ਸਾ –		
ਕੇ ऽ ਗੁ ਨ	ਗਾ ऽ ਵਉ ऽ		
×	0		
	ਅੰਤਰਾ :—	ਗ ਮ ਪ ਧ	ਨ਼ੀ – – ਨ਼ੀ
		ਪ ਤ ਤਿ ਪ	ਨ਼ੀ ऽ ऽ ਤ
		0	3
ਨ਼ੀ ਸਾਂ ਨ਼ੀ ਸਾਂ	– ਨ਼ੀ ਸਾਂ ਸਾਂ	ਸਾਂ ਰੇਂ ਨ਼ੀ ਸਾਂਰੇਂ	ਗਾ ਰੇਂ ਸਾਂਨ਼ੀ ਸਾਂ
ਦੀ ऽ ਨ ਬੰ	ऽ ਧ ਹ ਰਿ	ਸ ਰ ਨਿ ਤਾऽ	ऽ ਹਿ ਤੁऽ ਮ
×	2	0	3
ਸਾਂਰੇਂ ਨ਼ੀਸਾਂ ਨ਼ੀ ਧ	ਨ਼ੀ – ਧ ਪ	ਪ ਧ ਮ –	ਪਧ ਨ਼ੀਸਾਂ ਨ਼ੀਧ ਪਧ
ਆऽ ऽऽ ऽ ऽ	ਵਉ ऽ ऽ ऽ	ਗ ਜ ਕੋ ऽ	ਤ੍ਰਾऽ ऽऽ ਸऽ ਮਿऽ
×	2	0	3
ਮ --- ਗ ਰੇ	ਗ ਗ ਗ ਗ	ਗਨ਼ੀ ਧ ਪ ਧ	ਮਪ ਧਪ ਮ ਗ
ਟਿਓ ऽ ਜਿ ਹ	ਸਿ ਮ ਰ ਤ	ਤੁऽ ਮ ਕਾ ऽ	ਹੋऽ ऽऽ ਬਿ ਸ
×	2	0	3
ਮ – – –	ਗਰੇ ਗਰੇ ਸਾ ਨ਼ੀ		
ਰਾ ऽ ऽ ऽ	ਵਉ ऽऽ ऽ ऽ		
×	3		

*ਇਸ ਸ਼ਬਦ ਨੂੰ ਹੋਰ ਰੀਤਿ ਨਾਲ ਵੀ ਗਾਇਆ ਜਾਂਦਾ ਹੈ, ਵੇਖੋ ਅੰਤਿਕਾ।

ਗਉੜੀ ਮਹਲਾ ੯ ॥

ਕੋਊ ਮਾਈ ਭੂਲਿਓ ਮਨੁ ਸਮਝਾਵੈ ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨ ਹਰਿ ਗੁਨ ਗਾਵੈ ॥ ੧ ॥ ਰਹਾਉ ॥
ਦੁਰਲਭ ਦੇਹ ਪਾਇ ਮਾਨਸ ਕੀ
ਬਿਰਥਾ ਜਨਮੁ ਸਿਰਾਵੈ ॥
ਮਾਇਆ ਮੋਹ ਮਹਾ ਸੰਕਟ ਬਨ
ਤਾ ਸਿਉ ਰੁਚ ਉਪਜਾਵੈ ॥ ੧ ॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ
ਤਾ ਸਿਉ ਨੇਹੁ ਨ ਲਾਵੈ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਜਿਹ ਘਟਿ ਰਾਮੁ ਸਮਾਵੈ ॥ ੨ ॥ ੬ ॥

ਰਾਗ ਗਉੜੀ (ਪੂਰਵੀ ਮੇਲ) ਤਿੰਨਤਾਲ

ਸਥਾਈ :	। ਮ	। ਮ	ਗ –, ਰੇ ਸਾ	ਸਾਰੇ ਨੀਸਾ ਨੀ ਧ
	ਕੋ	ਕੋ	ਉ ਽, ਮਾਈ	ਭੂ ਽ ਽ ਲਿਓ ਽
			0	3
ਨੀ ਨੀ ਧ ਸਾ	ਨੀ ਰੇ ਸਾ, –		। ਧ – ਮ ਧ	ਨੀ – ਨੀ ਸਾ
ਮ ਨ ਸ ਮ	ਝਾ ਽ ਵੈ, ਽		ਬੇ ਽ ਦ ਪ	ਰਾ ਽ ਨ ਸਾ
×	2		0	3
–ਸਾ ਸਾ ਸਾ	ਰੇ ਰੇ ਸਾ ਸਾ		ਪ ਪ ਪ ਪ	। । ਮ ਮ ਪ ਧ
਽ ਧ ਮ ਗ	ਸੁ ਨਿ ਕ ਰਿ		ਨਿ ਮ ਖ ਨ	ਹ ਰਿ ਗੁ ਨ
×	2		0	0
। । ਮ ਗ ਰੇ ਮ	ਗ ਰੇ ਸਾ			
ਗਾ ਽ ਽ ਽	ਵੈ ਽ ਽			
×	2			
	ਅੰਤਰਾ :—		। । ਮ ਮ ਗ ਗ	। ਮ – ਧ ਮਧ
			ਦੁ ਰ ਲ ਭ	ਦੇ ਽ ਹ ਪਾਉ
			0	3
ਨੀਸਾਂ ਨੀ ਸਾਂ –	ਨੀ ਰੇਂ ਸਾਂ –		ਨੀ ਨੀ ਨੀ –	ਰੇਂ ਗਂ ਰੇਂ ਸਾਂ
਽ ਇ ਮਾ ਽	ਨ ਸ ਕੋ ਽		ਬਿ ਰ ਥਾ ਽	ਜ ਨ ਮੁ ਸਿ
×	2		0	3
ਰੇਂ ਸਾਂ ਨੀ ਸਾਂ	ਨੀ ਧ ਪ –		। – ਮ ਪ –	। ਮ – ਪ ਧ
ਰਾ ਽ ਽ ਽	ਵੈ ਽ ਽ ਽		਽ ਮਾ ਇਆ ਽	ਮੌ ਽ ਹ ਮ
×	2		0	3
। । ਮ ਗ ਰੇ ਮ	ਗ ਰੇ ਸਾ ਸਾ		ਨੀ – ਧ ਪ	। । ਮ ਮ ਪ ਧ
ਹਾ ਽ ਸੌ ਽	ਕ ਟ ਬ ਨ		ਤਾ ਽ ਸਿਉ	ਰ ਚ ਉ ਪ
×	2		0	3
। । ਮ ਗ ਰੇ ਮ	ਗ ਰੇ ਸਾ			
ਜਾ ਽ ਽ ਽	ਵੈ ਽			
×	2			

ਗਉੜੀ ਮਹਲਾ ੯ ॥

ਸਾਧੋ ਰਾਮ ਸਰਨਿ ਬਿਸਰਾਮਾ ॥
ਬੇਦ ਪੁਰਾਨ ਪੜੇ ਕੋ ਇਹ ਗੁਨੁ
ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥
ਲੋਭ ਮੋਹ ਮਾਇਆ ਮਮਤਾ ਫੁਨਿ
ਅਉ ਬਿਖਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ
ਸੋ ਮੂਰਤਿ ਹੈ ਦੇਵਾ ॥ ੧ ॥
ਸੁਰਗ ਨਰਕ ਅੰਮ੍ਰਿਤੁ ਬਿਖੁ ਏ ਸਭ
ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ
ਲੋਭੁ ਮੋਹੁ ਫੁਨਿ ਤੈਸਾ ॥ ੨ ॥
ਦੁਖੁ ਸੁਖੁ ਏ ਬਾਧ ਜਿਹ ਨਾਹਨਿ
ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹ ਤੁਮ ਮਾਨਉ
ਇਹ ਬਿਧਿ ਕੋ ਜੋ ਪ੍ਰਾਨੀ ॥ ੩ ॥ ੭ ॥

ਰਾਗ ਗਉੜੀ (ਪੂਰਵੀ ਮੇਲ) ਤਿੰਨਤਾਲ

ਸਥਾਈ :—

	ਸਾਰੇ ਨ਼ੀਸਾ ਧ਼ ਨ਼ੀ	ਨ਼ੀਰੇ ਗ ਰੇ ਮ	ਗ ਰੇ ਸਾ ਰੇ
	ਸਾ ऽ ऽऽ ਧੌ ऽ	ਰਾ ऽ ਮ ਸ	ਰ ਨਿ ਬਿ ਸ
	2	0	3
ਨ਼ੀ – ਸਾ –	– – – –	ਨ਼ੀ ਰੇ ਗ ਰੇ ਪ	ਮ ਧ ਪ ਪ
ਰਾ ऽ ਮਾ ऽ	ऽ ऽ ऽ ऽ	ਬੇऽ ऽ ਦ, ਪ	ਰਾ ऽ ਨ ਪ
×	2	0	3
ਮ ਗ ਰੇ ਮ	ਗ ਰੇ ਸਾ ਨ਼ੀ	ਰੇ ਗ ਰੇ ਮ	ਗ ਰੇ ਸਾ ਰੇ
ਝੇ ऽ ਕੋ ऽ	ਇਹ ਗੁ ਨ	ਸਿ ਮ ਰੈ ऽ	ਹ ਰਿ ਕੋ ऽ
×	2	0	
ਨ਼ੀ – ਸਾ –	**ਅੰਤਰਾ :** –	ਮ – ਧ ਨ਼ੀ	– ਨ਼ੀ ਨ਼ੀ –
ਨਾ ऽ ਮਾ ऽ		ਲੋ – ਭ ਮੋ	ऽ ਹ ਮਾ ऽ
×			
ਸਾं – ਸां ਸां	ਨ਼ੀ ਰें ਸां ਸां	ਨ਼ੀ – ਰें ਗं	ਰें ਰें ਸां –
ਇਆ ऽ ਮ ਮ	ਤਾ ऽ ਢ ਨਿ	ਅਉ ऽ ਬਿ ਖਿ	ਅ ਨ ਕੀ ऽ
×	2	0	3
ਰें ਰें ਨ਼ੀ ਸां	ਨ਼ੀ ਧ ਪ –	ਪ ਪ ਪ ਮ	– ਮ ਪ ਧ
ਸੇ ऽ ऽ ऽ	ਵਾ ऽ ऽ ऽ	ਹ ਰ ਖ ਸੋ	ऽ ਗ ਪ ਰ
×	2	0	3
ਮ ਗ ਰੇ ਮ	ਗ ਰੇ ਸਾ ਨ਼ੀ	ਨ਼ੀਰੇ ਗ ਰੇ ਮ	ਗ ਰੇ ਸਾ ਰੇ
ਸੈ ऽ ਜਿ ਹ	ਨਾ ऽ ਹ ਨਿ	ਸੋऽ ऽ ਮ ऽ	ਰ ਤਿ ਹੈ ऽ
×	2	0	3
ਨ਼ੀ – ਸਾ –			
ਦੇ ऽ ਵਾ ऽ			
×			

ਗਉੜੀ ਮਹਲਾ ੯ ॥

ਮਨ ਰੇ ਕਹਾ ਭਇਓ ਤੈ ਬਉਰਾ ॥
ਅਹਿਨਿਸਿ ਅਉਧ ਘਟੈ ਨਹੀ ਜਾਨੈ
ਭਇਓ ਲੋਭ ਸੰਗਿ ਹਉਰਾ ॥ ੧ ॥ ਰਹਾਉ ॥
ਜੋ ਤਨੁ ਤੈ ਅਪਨੋ ਕਰਿ ਮਾਨਿਓ
ਅਰੁ ਸੁੰਦਰ ਗ੍ਰਿਹ ਨਾਰੀ ॥
ਇਨ ਮੈ ਕਛੂ ਤੇਰੋ ਰੇ ਨਾਹਨਿ
ਦੇਖੋ ਸੋਚਿ ਬਿਚਾਰੀ ॥ ੨ ॥
ਰਤਨ ਜਨਮੁ ਅਪਨੋ ਤੈ ਹਾਰਿਓ
ਗੋਬਿੰਦ ਗਤਿ ਨਹੀ ਜਾਨੀ ॥
ਨਿਮਖ ਨ ਲੀਨ ਭਇਓ ਚਰਨਨ ਸਿਉ
ਬਿਰਥਾ ਅਉਧ ਸਿਰਾਨੀ ॥ ੨ ॥
ਕਹੁ ਨਾਨਕ ਸੋਈ ਨਰੁ ਸੁਖੀਆ
ਰਾਮ ਨਾਮ ਗੁਨ ਗਾਵੈ ॥
ਅਉਰ ਸਗਲ ਜਗੁ ਮਾਇਆ ਮੋਹਿਆ
ਨਿਰਭੈ ਪਦ ਨਹੀ ਪਾਵੈ ॥ ੩ ॥ ੮ ॥

ਰਾਗ ਗਉੜੀ (ਭੈਰਵ ਮੇਲ) ਤਿੰਨਤਾਲ

ਸਥਾਈ : —

	ਧ਼ ਨ਼ੀ ਰੇ ਗ	ਰੇ ਮ ਗ ਰੇ	ਸਾਰੇ ਨ਼ੀਸਾ ਨ਼ੀ ਧ਼
	ਮ ਨ ਰੇ ਸ	ਕ ਹਾ ਸ ਭਇ	ਓਸ ਸਸ ਤੈ ਸ
	2	0	3
ਨ਼ੀ — ਨ਼ੀ —	— — — —	ਧ਼ ਨ਼ੀ ਰੇ ਸਾ	(ਮ) — ਰੇ ਗ
ਬਉ ਸ ਰਾ ਸ	ਸ ਸ ਸ ਸ	ਅ ਹਿ ਨਿ ਸਿ	ਅਉ ਸ ਧ ਘ
×	2	0	3
ਰੇ ਸਾ ਮ ਗ	ਗਮ ਪਧ ਪ —	ਗ ਮ ਗ ਰੇ	— ਗ ਰੇ ਸਾ
ਟੈ ਸ ਨ ਹੀ	ਜਾਸ ਸਸ ਨੈ ਸ	ਭਇਓ ਸ ਲੋ	ਸ ਭ ਸੰ ਗਿ
×	2	0	3
ਨ਼ੀਸਾ ਰੇਸਾ ਨ਼ੀ —			
ਹਉ ਸਸ ਰਾ ਸ			
×			
	ਅੰਤਰਾ :—	ਮ — ਮ ਗ	ਮ — ਮ ਪ
		ਜੋ ਸ ਤ ਨੂ	ਤੈ ਸ ਅ ਪ
		0	3
ਗਮ ਪਧ ਪ ਧ	ਮਪ ਧਪ ਮ ਗ	ਗ ਮ ਨੀ ਧ	ਪ ਮ ਗ ਰੇ
ਨੋਸ ਸਸ ਕ ਰਿ	ਮਾਸ ਸਸ ਨਿਓ ਸ	ਅ ਰੂ ਸੰ ਸ	ਦ ਰ ਗ੍ਰਿ ਹ
×	2	0	3
ਗ — ਗ —	— — — —	ਗ ਮ ਗ ਮ	ਪ ਧ ਮ —
ਨਾ ਸ ਰੀ ਸ	ਸ ਸ ਸ ਸ	ਇ ਨ ਮੈ ਸ	ਕ ਛੂ ਤੇ ਸ
×	2	0	3
ਪਧ ਨੀਸਾਂ ਨੀ ਧ	ਨੀ — ਨੀ ਨੀ	ਨੀ ਧ ਪਧ ਮ	ਗਮ ਪਮ ਗ ਰੇ
ਰੋਸ ਸਸ ਰੇ ਸ	ਨਾ ਸ ਹਿ ਨ	ਦੇ ਸ ਖੋਸ ਸ	ਸੋਸ ਸਸ ਚਿ ਬਿ
×	2	0	3
ਗ ਰੇ ਸਾ ਨ਼ੀ			
ਚਾ ਸ ਰੀ ਸ			
×			

ਗਉੜੀ ਮਹਲਾ ੯ ॥

ਨਰ ਅਚੇਤ ਪਾਪ ਤੇ ਡਰੁ ਰੇ ॥
ਦੀਨ ਦਇਆਲ ਸਗਲ ਭੈ ਭੰਜਨ
ਸਰਨਿ ਤਾਹਿ ਤੁਮ ਪਰੁ ਰੇ ॥ ੧ ॥ ਰਹਾਉ ॥
ਬੇਦ ਪੁਰਾਨ ਜਾਸ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤਿ ਮੈ ਹਰਿ ਕੋ
ਸਿਮਰਿ ਸਿਮਰਿ ਕਸਮਲ ਸਭੁ ਹਰੁ ਰੇ ॥ ੧ ॥
ਮਾਨਸ ਦੇਹ ਬਹੁਰਿ ਨਹਿ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕੁ ਕਹਤ ਗਾਇ ਕਰੁ ਨਾਮੈ
ਭਵ ਸਾਗਰ ਕੈ ਪਾਰਿ ਉਤਰੁ ਰੇ ॥ ੨ ॥ ੯ ॥

ਰਾਗ ਗਉੜੀ (ਪੂਰਵੀ ਮੇਲ ਸ੍ਰੀ ਅੰਗ) ਤਿੰਨਤਾਲ

ਸਥਾਈ :

			– ਰੇ ਨ੍ਰੀ ਸਾ
			ਸ ਨ ਰ ਅ
			3
। ਪ – ਪ ਮ੍ਪ	। ਧ ਪ ਮ ਰੇ	ਰੇ ਰੇ ਸਾ –	– ਨ੍ਰੀ ਰੇ ਨ੍ਰੀ
ਚੇ ਸ ਤ ਪਾਤ	ਸ ਪ ਤੇ ਸ	ਡ ਰ ਰੋ ਸ	ਸ ਦੀ ਨ ਦਇ
×	2	0	3
ਨ੍ਰੀ ਧ ਪ ਪ	। ਮ ਪ ਨ੍ਰੀ ਸਾ	ਨ੍ਰੇ ਰੇ ਸਾ ਸਾ	। । ਮ ਪ ਪ ਮ੍ਪ
ਆ ਸ ਲ ਸ	ਗ ਲ ਭੰ ਸ	ਭੰ ਸ ਜ ਨ	ਸ ਰ ਨਿਤਾ ਸ
×	2	0	3
। । । ਨ੍ਰੀ ਧ ਪ ਪ	। । । ਮ੍ਪ ਧ੍ਪ ਮ੍ਪ ਮ੍ਰੇ	। । ਮ੍ਰੇ ਮ੍ਰੇ ਸ੍ਰੇ ਨ੍ਰੀਸ੍ਰ	–
ਸ ਹਿ ਤੁ ਮ	ਪਸ ਰੁਸ ਰੇਸ ਸਸ	ਸਸ ਸਸ ਸਸ ਸਸ	ਸ
×	2	0	3
		ਅੰਤਰਾ :—	
			ਪ – ਧ ਪ
			ਬੇ ਸ ਦ ਪੁ
			3
। ਮ ਪ ਨ੍ਰੀ ਨ੍ਰੀ ਗਾ ਸ ਨ ਜਾ ×	ਸਾਂ ਸਾਂ ਸਾਂ ਸਾਂ ਸ ਸ ਗ ਨ 2	ਨ੍ਰੀ ਰੇਂ ਸਾਂ ਸਾਂ ਗਾ ਸ ਵ ਤ 0	। ਮ ਪ ਨ੍ਰੀ ਸਾਂ ਤਾ ਸ ਕੋ ਸ 3
ਰੇਂ ਰੇਂ ਸਾਂ ਸਾਂ ਨਾ ਸ ਮ ਹੀ ×	ਨ੍ਰੀ ਸਾਂਰੇਂ ਸਾਂ ਐਸ ਮੋ ਸ 2	ਰੇਂ ਨ੍ਰੀ ਧ ਪ ਧ ਰ ਰੋ ਸ 0	
			। ਪਾ – ਮ ਪ ਪਾ ਸ ਵ ਨ 3
। । ਨ੍ਰੀ ਧ ਪ ਪ ਨਾ ਸ ਮ, ਜ ×	। । ਮ ਪ ਧ ਮ ਗ ਤਿ ਮੋ ਸ 2	। ਰੇ ਰੇ ਸਾ – ਹ ਰਿ ਕੋ ਸ 0	। । ਸਾ ਮ ਰੇ ਮ ਸਿ ਮ ਰਿ ਸਿ 3

ਪ ਧੁ, ਮੁ ਪ	ਨੀ ਸਾਂ ਰੇਂ ਸਾਂ	ਨੀਰੇਂ ਨੀਧੁ ਪਮ ਰੇਮ	ਰੇਸਾ
ਮ ਰਿ, ਕ ਸ	ਮ ਲ ਸ ਭੂ	ਹਰ ਰੂਰ ਰੇਰ ਸਸ	ਸਸ
×	2	0	3

ਰਾਗ ਆਸਾ

ਸੰਖੇਪ ਪਰਿਚਯ

ਗੁਰਮਤਿ ਸੰਗੀਤ ਪੱਧਤੀ ਵਿਚ ਆਸਾ ਸਭ ਤੋਂ ਮਹੱਤਵਪੂਰਣ ਰਾਗ ਹੈ। ਆਸਾ ਰਾਗ ਦੀਆਂ ਮਧੁਰ ਸੁਰ ਲਹਿਰਾਂ ਪੰਜਾਬ ਦੀ ਪਵਿੱਤਰ ਧਰਤੀ ਦੇ ਕਣ ਕਣ ਵਿਚ ਸੁਣਾਈ ਦਿੰਦੀਆਂ ਹਨ। ਆਸਾ ਰਾਗ ਪੰਜਾਬੀ ਜੀਵਨ ਦਾ ਅਨਿੱਖੜ ਅੰਗ ਬਣ ਚੁੱਕਾ ਹੈ। ਹਰ ਚੜ੍ਹਦੇ ਦੇ ਸੂਰਜ ਦੀਆਂ ਸੋਨ-ਸੁਨਹਿਰੀ ਕਿਰਨਾਂ ਇਸੇ ਰਾਗ ਦੀ ਮਧੁਰ ਧੁਨੀ ਨਾਲ ਜਾਗਦੀਆਂ ਹਨ। ਹਰ ਸੰਝ ਦੀ ਲਾਲੀ ਦੇ ਕਿਸੇ ਦਿਸਹੱਦੇ ਦੀ ਗੋਦ ਵਿਚ ਲੁਕਣ ਵੇਲੇ ਇਸੇ ਰਾਗ ਦੁਆਰਾ "ਬਲਿਹਾਰੀ ਕੁਦਰਤਿ ਵਸਿਆ" ਦੀ ਕੀਰਤੀ ਗਾਈ ਜਾਂਦੀ ਹੈ। ਗੁਰਮਤਿ ਸੰਗੀਤ ਪੱਧਤੀ ਦੇ ਪਹਿਲੇ ਵਾਦਨ ਅਚਾਰੀਆ, ਭਾਈ ਮਰਦਾਨੇ ਦੇ ਰਬਾਬ ਦੀ ਮਿੱਠੀ ਝਨਕਾਰ ਨਾਲ ਉਸ ਅਕਾਲ ਰੂਪ ਬਾਬੇ ਨੇ (ਗੁਰੂ ਨਾਨਕ) ਸਭ ਤੋਂ ਪਹਿਲਾ "ਸੋ ਦਰੁ" (ਉਸ ਦਰ) ਦੀ ਸਿਫਤ ਸਾਲਾਹ ਇਸੇ ਰਾਗ ਦੁਆਰਾ ਕੀਤੀ। ਅਰਥਾਤ ਜਿਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਪਉਣ, ਪਾਣੀ, ਬੈਸੰਤਰ, ਸਿਧ, ਰਾਗ, ਪਰੀਆਂ, ਮਨ ਮੋਹਣੀਆਂ ਆਦਿ ਨੂੰ ਅਨੇਕ ਵਾਵਣ ਹਾਰਿਆਂ (ਵਾਦਕਾਂ, ਸਾਜ਼ਿੰਦਿਆਂ) ਦੀ ਸੰਗਤਿ ਨਾਲ "ਉਸ" ਦੇ ਗੁਣ ਗਾਉਂਦਿਆਂ ਸੁਣਿਆ ਉਹ ਗੀਤ (ਸ਼ਬਦ) ਇਸੇ ਰਾਗ ਵਿਚ ਗਾਂਵਿਆਂ।

ਪ੍ਰਾਚੀਨ ਜਾਂ ਮੱਧ ਕਾਲੀਨ ਕਿਸੇ ਸੰਗੀਤ ਗ੍ਰੰਥਕਾਰ ਨੇ ਆਸਾ ਦਾ ਉਲੇਖ ਨਹੀਂ ਕੀਤਾ। ਕਈ ਲੇਖਕਾਂ ਨੇ ਇਸ ਨੂੰ ਆਧੁਨਿਕ ਰਾਗ ਮੰਨਿਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਦੀ ਸਿਰਜਣਾ ਗੁਰੂ ਨਾਨਕ ਦੇਵ ਜੀ ਨੇ ਕੀਤੀ। ਕੁਝ ਹੋਰ ਲੇਖਕਾਂ ਦਾ ਮਤ ਹੈ ਕਿ ਆਸਾ ਆਰੰਭ ਵਿਚ ਪੰਜਾਬ ਦੀ ਇਕ ਲੋਕ ਧੁਨ ਸੀ।

ਆਸਾ ਦਾ ਆਰੰਭ ਕਦੋਂ ਤੇ ਕਿਸ ਵਿਅਕਤੀ ਦੁਆਰਾ ਹੋਇਆ, ਇਸ ਬਾਰੇ ਮਿਲਦੇ ਹਵਾਲਿਆਂ ਦੇ ਆਧਾਰ ਤੇ ਅਜੇ ਭਰੋਸੇ ਨਾਲ ਕਹਿਣਾ ਕਠਿਨ ਹੈ, ਪਰੰਤੂ ਇਹ ਗੱਲ ਦ੍ਰਿੜ੍ਹਤਾ ਨਾਲ ਆਖੀ ਜਾ ਸਕਦੀ ਹੈ ਕਿ ਇਸ ਰਾਗ ਨੂੰ ਸ਼ਾਸਤਰੀ ਰੂਪ ਪ੍ਰਦਾਨ ਕਰਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਫ਼ਰੀਦ ਜੀ ਦਾ ਸਭ ਤੋਂ ਵੱਧ ਯੋਗ ਦਾਨ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਤਲਵੰਡੀ ਘਰਾਣੇ ਦੇ ਸਰਬੋਤਮ ਵਾਦਕ ਭਾਈ ਮਰਦਾਨੇ ਦੇ ਰਬਾਬ ਦੀ ਸੰਗਤਿ ਨਾਲ, ਭਿੰਨ ਭਿੰਨ ਤੋਲ ਤੁਕਾਂਤ ਦੇ 172 ਸ਼ਬਦ-ਸ਼ਲੋਕ ਇਸ ਰਾਗ ਵਿਚ ਗਾਏ। ਇਸ ਰਾਗ ਦੀਆਂ ਮਧੁਰ ਸੁਰ ਸੰਗਤੀਆਂ ਵਿਚ ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦੁਰ ਜੀ ਨੇ 228 ਸ਼ਬਦ-ਸ਼ਲੋਕਾਂ ਦੀ ਰਚਨਾ ਕਰਕੇ ਵਿਸ਼ਵ ਨੂੰ ਅਨੂਪਮ ਸਾਹਿਤ ਭੇਟਾ ਕੀਤਾ। ਇਨ੍ਹਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ, ਕਬੀਰ ਜੀ, ਨਾਮ ਦੇਵ ਜੀ, ਰਵਿਦਾਸ ਜੀ, ਧੰਨਾ ਜੀ, ਅਤੇ ਫ਼ਰੀਦ ਜੀ ਦੇ ਇਸ ਰਾਗ ਵਿਚ ਗਾਏ ਕੁਲ 53 ਸ਼ਬਦਾਂ ਦਾ ਸੰਗ੍ਰਹਿ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ। ਕਿਸੇ ਗ੍ਰੰਥ ਵਿਚ ਸੰਗੀਤ ਦਾ ਇਤਨਾ ਵਿਸ਼ਾਲ ਭੰਡਾਰ ਸੁਰੱਖਿਅਤ ਹੋਵੇ ਅਜਿਹੀ ਮਿਸਾਲ ਵਿਸ਼ਵ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ।

ਭਾਈ ਸਾਹਿਬ ਕਾਨ੍ਹ ਸਿੰਘ ਜੀ ਦਾ ਕਥਨ ਹੈ ਕਿ "ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਮਹਾਰਾਜ ਦੇ ਸਨਮੁਖ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ "ਆਸਾ ਦੀ ਵਾਰ" ਗਾਉਣ ਦੀ ਰੀਤਿ ਚਲਾਈ। ਗੁਰੂ ਅਰਜਨ ਸਾਹਿਬ ਨੇ ਚੌਥੇ ਸਤਿਗੁਰੂ ਦੇ 24 ਛੱਕਿਆਂ ਨੂੰ ਕੀਰਤਨ ਵਿਚ ਸ਼ਾਮਲ ਕੀਤਾ। ਹੁਣ ਗੁਰਦੁਆਰਿਆਂ ਵਿਚ ਆਸਾ ਦੀ ਵਾਰ ਦਾ ਨਿੱਤ ਕੀਰਤਨ ਹੁੰਦਾ ਹੈ। "ਗਾਇ ਰਬਾਬੀ ਆਸਾਵਾਰ।" (ਗੁਰ ਪ੍ਰਤਾਪ ਸੂਰਜ)। ਗੁਰਮਤ ਅਨੁਸਾਰ ਸੋਦਰ ਦੀ ਚੌਕੀ ਵੇਲੇ ਸੰਝ ਸਮੇਂ ਵੀ ਆਸਾ ਗਾਉਣ ਦਾ ਵਿਧਾਨ ਹੈ। "ਇਸ ਵਿਚਾਰ ਧਾਰਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਕੋਈ ਆਧੁਨਿਕ ਰਾਗ ਨਹੀਂ ਸਗੋਂ ਸਿੱਖ ਸੰਗੀਤ ਸੰਪਰਦਾ ਵਿਚ ਕਾਫੀ ਲੰਬੇ ਸਮੇਂ ਤੋਂ ਪ੍ਰਚਾਰ ਆਰੂੜ ਹੈ।

ਆਸਾ ਰਾਗ ਦੇ ਨਾਦਾਤਮਕ ਸਰੂਪ ਨੂੰ ਵਿਦਵਾਨਾਂ ਨੇ ਬਿਲਾਵਲ ਮੇਲ (ਥਾਟ) ਦੇ ਅੰਤਰਗਤ ਰੱਖਿਆ ਹੈ। ਇਸ ਰਾਗ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਕਈ ਗਾਇਕ ਇਸ ਵਿਚ ਕੋਮਲ ਗੰਧਾਰ ਦਾ ਤਾਰ ਸਪਤਕ ਵਿਚ ਅਤੇ ਕੋਮਲ ਨਿਸ਼ਾਦ ਦਾ ਮੱਧ ਸਪਤਕ ਵਿਚ ਪ੍ਰਯੋਗ ਕਰਦੇ ਸੁਣੇ ਜਾਂਦੇ ਹਨ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ਡਜ ਹੈ। ਆਸਾ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਦੋਵੇਂ ਸੁਰ ਵਰਜਿਤ, ਅਵਰੋਹ ਵਿਚ ਸੱਤੇ ਸੁਰ ਵਰਤੇ ਜਾਂਦੇ ਹਨ ਇਸ ਲਈ ਇਸ ਦੀ ਜਾਤੀ ਔਡਵ-ਸੰਪੂਰਣ ਹੈ। ਇਸ ਰਾਗ ਦੇ ਗਾਉਣ ਦਾ ਸਮਾਂ "ਅੰਮ੍ਰਿਤ ਵੇਲਾ" (ਰਾਤ ਦਾ ਅੰਤਮ ਪਹਿਰ) ਹੈ। ਸੰਗੀਤਕਾਰਾਂ ਨੇ ਆਸਾ ਨੂੰ ਉਤ੍ਰਾਂਗ ਵਾਦੀ ਰਾਗਾਂ ਦੇ ਵਰਗ ਵਿਚ ਰੱਖਿਆ ਹੈ। ਆਸਾ ਦਾ ਅਤਿਅੰਤ ਨਿਕਟ-ਵਰਤੀ ਰਾਗ ਮਾਂਡ ਹੈ। ਮਾਂਡ ਵਿਚ "ਗਮਪਧਨੀਸਾਂ" ਅਤੇ ਕੋਮਲ ਨਿਸ਼ਾਦ ਦੀ ਵਰਤੋਂ ਹੋਣ ਕਰਕੇ ਆਸਾ ਨਾਲੋਂ ਵੱਖ ਹੋ ਜਾਂਦਾ ਹੈ। ਆਸਾ ਵਿਚ ਸ਼ਡਜ ਮੱਧਿਅਮ ਅਤੇ ਪੰਚਮ ਸੁਰ ਪ੍ਰਬਲ ਹਨ।

ਬ੍ਰਹਮ-ਨਾਦ ਨਾਲ ਸੁਰ ਹੋਈਆਂ ਆਤਮਾਵਾਂ ਦੇ ਕੰਠ ਦੀ ਮਧੁਰ ਛੋਹ ਪ੍ਰਾਪਤ ਹੋਣ ਦੇ ਕਾਰਣ ਆਸਾ ਰਾਗ ਨੂੰ, ਰਾਗ ਰਾਗਣੀ ਪੱਧਤੀ ਮੰਨਣ ਵਾਲੇ ਮਤ-ਮਤਾਂਤਰਾਂ ਨੇ ਬਹੁਤੇ ਰਾਗਾਂ ਦੇ ਪੱਲੇ ਨਹੀਂ ਲਾਇਆ ਕੇਵਲ ਮੇਘ ਰਾਗ ਦੀ ਰਾਗਣੀ ਹੀ ਮੰਨਿਆ ਹੈ। ਉਦਾਹਰਣ ਵਜੋਂ "ਪੁਨਿ ਗਾਵਹਿ ਆਸਾ ਗੁਨ ਗੁਨੀ।" ਪਰੰਤੂ ਮੇਘ ਅਤੇ ਆਸਾ ਦੇ ਨਾਦਾਤਮਕ ਸਰੂਪ ਨੂੰ ਵਿਚਾਰਨ ਨਾਲ ਇਨ੍ਹਾਂ ਵਿਚ ਕੋਈ ਅਜਿਹਾ ਪ੍ਰਸਪਰ ਸੰਬੰਧ ਸਥਾਪਿਤ ਨਹੀਂ ਹੁੰਦਾ। ਆਸਾ ਅਤੇ ਆਸਾਵਰੀ ਵਿਚ ਗਾਈ ਬਾਣੀ ਦੇ 453 ਸ਼ਬਦ-ਸ਼ਲੋਕਾਂ ਵਿਚ ਗੁਰਮਤਿ ਸੰਗੀਤ ਪੱਧਤੀ ਦੇ ਆਧਾਰਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਇਸ ਨੂੰ ਰਾਗਣੀ ਮੰਨਣ ਵੱਲ ਕਿਧਰੇ ਵੀ ਸੰਕੇਤ ਨਹੀਂ ਮਿਲਦਾ। ਗੁਰੂ ਸਾਹਿਬਾਨ ਨੇ ਸਭ ਸਥਾਨਾਂ ਤੇ ਸਿਰਲੇਖ ਦੇ ਰੂਪ ਵਿਚ "ਰਾਗੁ ਆਸਾ" ਹੀ ਲਿਖਿਆ ਹੈ। ਕਿਸੇ ਵੀ ਕੋਸ਼ ਵਿਚ ਰਾਗ ਦਾ ਅਰਥ ਰਾਗਣੀ ਕਦੇ ਨਹੀਂ ਹੁੰਦਾ। ਸੋ ਆਸਾ ਰਾਗ ਹੈ ਰਾਗਣੀ ਨਹੀਂ। ਇਸ ਰਾਗ ਵਿਚ ਭਗਤੀ ਰਸ ਦੀ ਪ੍ਰਧਾਨਤਾ ਹੈ।

ਆਰੋਹ : ਸਾ, ਰੇ, ਮ, ਪ, ਧ ਸਾਂ।

ਅਵਰੋਹ : ਸਾਂ ਨੀ ਧ ਪ, ਮ ਗ ਰੇ, ਸਾ ਗ ਰੇ ਗ ਸਾ।

ਮੁੱਖ ਅੰਗ : ਸਾ, ਰੇ ਮ ਪ ਧ, ਪ ਮ ਗ ਰੇ, ਸਾ ਗ ਰੇ ਗ ਸਾ।

ਰਾਗ ਆਸਾ ਸੁਰ-ਵਿਸਤਾਰ

1. ਸ, ਸਾਰੇ ਸਾ ਸਾ ਨ਼ੀ ਧ, ਸਾ ਸਾ ਨ਼ੀ ਧ ਪ, ਪ, ਨ਼ੀ ਧ ਪ ਮ, ਧ ਮ,
ਪ ਧ ਨ਼ੀ, ਪ ਧ ਸਾ, ਮ ਪ ਧ ਨ਼ੀ ਪ ਧ ਨ਼ੀ ਧ ਸਾ, ਪ ਧ ਸਾ ਰੇ, ਧ ਸਾ ਰੇ,
ਸਾ ਰੇ ਸਾ ਨ਼ੀ
ਧ ਨ਼ੀ ਪ ਧ ਸਾ, ਸਾ ਗ ਰੇ ਗ ਸਾ, ਸਾਰੇ ਮ, ਗ ਰੇ ਰੇ ਗ ਸਾ, ਸਾ ਗ ਰੇ ਗ
ਸਾ ਰੇ ਮ, ਮ ਪ ਧ ਨ਼ੀ ਪ ਧ ਸਾ ਰੇ ਗ ਸਾ ਰੇ ਮ, ਸਹੇ ਰੇ ਮ ਮ ਪ ਮ,
ਪ ਮ ਗ ਰੇ, ਸਾ ਗ ਰੇ ਗ ਸਾ ।

2. ਸਾ ਰੇ ਮ ਪ, ਰੇ ਮ ਪ, ਮ ਪ, ਮ ਧ ਪ ਧ ਪ ਮ ਗ ਰੇ, ਸਾ ਗ ਰੇ ਗ ਸਾਂ,
ਰੇ ਮ ਪ ਧ ਮ ਪ ਧ ਪ ਮ, ਪ ਨ਼ੀ ਧ ਪ ਮ, ਧ ਮ, ਪ ਧ ਨ਼ੀ ਧ ਪ ਮ,
ਧ ਪ ਨ਼ੀ ਧ
ਸਾਂ ਨ਼ੀ ਧ ਪ ਮ, ਸਾ ਰੇ ਮ ਪ ਧ ਨ਼ੀ ਪ ਧ ਸਾਂ ਨ਼ੀ ਧ ਪ ਨ਼ੀ ਧ ਪ ਮ,
ਮ ਪ ਧ ਨ਼ੀ,
ਪ ਧ ਸਾਂ, ਰੇ॑ ਨ਼ੀ ਧ ਪ, ਪ ਨ਼ੀ ਧ ਪ, ਮ ਧ ਪ ਧ ਪ ਮ ਗ ਰੇ, ਸਾ ਗ ਰੇ ਗ ਸਾ ।

3. ਸਾ ਰੇ ਮ ਪ ਧ, ਪ ਧ ਸਾਂ, ਸਾਂ ਨ਼ੀ ਧ ਪ ਮ ਪ ਧ ਧ ਸਾਂ, ਸਾਂ, ਨ਼ੀ ਧ, ਸਾਂ,
ਸਾਂ ਰੇ॑ ਸਾਂ, ਨ਼ੀ ਸਾਂ ਨ਼ੀ, ਧ ਨ਼ੀ ਧ ਪ ਧ ਪ ਮ ਪ ਮ, ਮ ਪ ਧ ਨ਼ੀ ਪ ਧ ਰੇ॑ ਸਾਂ,
ਪ ਧ ਸਾਂ ਰੇ॑,
ਧ ਰੇ॑ ਰੇ॑ ਸਾਂ, ਨ਼ੀ ਰੇ॑ ਸਾਂ ਨ਼ੀ ਧ, ਪ ਨ਼ੀ ਧ ਪ ਮ, ਪ ਧ ਨ਼ੀ ਪ ਧ ਸਾਂ,
ਪ ਧ ਸਾਂ ਰੇ॑ ਸਾਂ ਰੇ॑,
ਸਾਂ ਗ॑ ਰੇ॑ ਨ਼ੀ ਸਾਂ ਧ ਪ ਧ ਮ, ਮ ਪ ਧ ਨ਼ੀ ਪ ਧ ਸਾਂ ਰੇ॑ ਗ॑ ਸਾਂ,
ਸ॑ ਗ॑ ਰੇ॑ ਗ॑ ਸਾਂ, ਮ ਪ ਧ ਨ਼ੀ
ਪ ਧ ਸਾਂ ਰੇ॑ ਗ॑ ਸਾਂ ਰੇ॑ ਮ॑, ਮ॑ ਗ॑ ਰੇ॑ ਗ॑ ਸਾਂ, ਸਾਂ ਰੇ॑ ਮ॑,
ਰੇ॑ ਮ॑ ਪ॑ ਮ॑ ਗ॑ ਰੇ॑ ਸਾਂ ਗ॑ ਰੇ॑ ਗ॑
ਸਾਂ, ਨ਼ੀ ਸਾਂ ਨ਼ੀ ਸਾਂ ਰੇ॑ ਸਾਂ ਧ, ਪਧ ਪ ਧ ਨ਼ੀ ਧ ਪ, ਮ ਪ ਮ ਪ ਧ ਪ ਮ,
ਪ ਮ ਗ ਰੇ,
ਸਾ ਰੇ ਮ ਪ ਧ ਨ਼ੀ ਪ ਧ ਸਾਂ, ਨ਼ੀ ਧ ਪ ਮ ਗ ਰੇ, ਰੇ ਮ ਪ ਧ ਪ ਮ ਗ ਰੇ,
ਰੇ ਮ ਪ, ਪ ਮ ਗ ਰੇ,
ਸਾ ਗ ਰੇ ਗ ਸਾ ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਮਹਲਾ ੯ ॥

ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ ॥ ੧ ॥ ਰਹਾਉ ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥ ੧ ॥
ਮਾਨਸ ਜਨਮ ਅਕਾਰਥ ਖੋਵਤ
ਲਾਜ ਨ ਲੋਕ ਹਸਨ ਕੀ ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ ॥ ੨ ॥ ੧ ॥

ਰਾਗ ਆਸਾ ਤਿੰਨਤਾਲ

ਸਥਾਈ :—	ਸਾ ਸਾ ਰੇਮ ਪਧ	ਪ ਧ ਪ ਮ	ਗ ਗ ਰੇ ਸ
	ਬਿ ਰ ਥਾ ऽ ऽ	ਕ ਹਉ ऽ ਕਉ	ऽ ਨ ਸਿਉ ऽ
	2	0	3
ਸ਼ਾਗ ਰੇਗ ਸਾ —	— — — —	ਰੇ — ਮ ਮ	ਮ ਮ ਮ ਮ
ਮऽ ਨऽ ਕੀ ऽ	ऽ ऽ ऽ ऽ	ਲੋ ऽ ਭਿ ਗ	ਸਿਓ ऽ ਦ ਸ
×	2	0	3
ਪ — ਪ ਨੀ	ਧ ਪ ਮ ਮ	— ਮ — ਪ	ਪਧ ਸਾਂਸਾਂ ਧ ਪ
ਹ ऽ ਦਿ ਸ	ਧਾ ऽ ਵ ਤ	ऽ ਆ ऽ ਸਾ	ਲਾऽ ऽऽ ਗਿਓ ऽ
×	2	0	3
ਮਗ ਰੇਗ ਸਾ —			
ਧऽ ਨऽ ਕੀ ऽ			
×			
	ਅੰਟਰਾ :—	ਮ ਪ ਪ —	ਪਧ ਨੀ ਪ ਧ
		ਸੁ ਖ ਕੈ ऽ	ਹੋऽ ऽ ਤਿ ਬ
		0	3
ਸਾं ਸਾं ਸਾं ਨੀਧ	ਧ ਰੇं ਸਾं ਸਾं	ਪ — ਧ ਧ	ਸਾं ਸਾं ਰें ਰें
ਹ ਤ ਦ ਖ	ਪਾ ऽ ਵ ਤ	ਸੇ ऽ ਵ ਕ	ਰ ਤ ਜ ਨ
×	2	0	3
ਸਾंਗं ਰेंਗं ਸां —	ਨीਸां ਨीਧ — —	— ਸां — ਸां	ਨीरें ਸांਨी ਧ ਪ
ਜऽ ਨऽ ਕी ऽ	ऽऽ ऽऽ ऽ ऽ	ऽ ਦ੍ਰੁਆ ऽ ਰਹਿ	ਦ੍ਰੁਆ ऽऽ ऽ ਰਿ
×	2	0	3
ਪ ਧ ਮ ਮ	ਮ ਧ ਪ ਪ	ਮ ਮ ਪ ਪ	ਪਧ ਸांਨी ਧ ਪ
ਸੁਆ ऽ ਨ ਜਿਉ	ਡੋ ऽ ਲ ਤ	ਨ ਹ ਸੁ ਧਿ	ਰਾऽ ऽऽ ਮ ਭ
×	2	0	3
ਮਗ ਰेग ਸा —			
ਜऽ ਨऽ ਕी ऽ			
×			

ਰਾਗ ਦੇਵਗੰਧਾਰੀ

ਸੰਖੇਪ ਪਰਿਚਯ

ਦੇਵ-ਗੰਧਾਰੀ, ਸ਼ਾਸਤਰੀ ਸੰਗੀਤ ਦਾ ਬੜਾ ਪੁਰਾਤਨ ਰਾਗ ਹੈ। ਇਹ ਸਰਬ ਸਾਧਾਰਣ ਰਾਗਾਂ ਵਿਚੋਂ ਨਹੀਂ ਸਗੋਂ ਇਕ ਅਪ੍ਰਚਲਿਤ ਪ੍ਰਕਾਰ ਹੈ।

ਮੱਧਕਾਲ ਦੇ ਲਗਪਗ ਹਰ ਇਕ ਸੰਗੀਤ ਗ੍ਰੰਥ ਵਿਚ ਇਸ ਰਾਗ ਦਾ ਉਲੇਖ ਕਿਸੇ ਨਾ ਕਿਸੇ ਰੂਪ ਵਿਚ ਆਵੱਸ਼ ਪਰਾਪਤ ਹੁੰਦਾ ਹੈ। ਸੰਸਕ੍ਰਿਤ ਗ੍ਰੰਥ-ਰਾਗ-ਤਰੰਗਣੀ, ਹਿਰਦੈ ਕੌਤਕ, ਹਿਰਦੈ ਪ੍ਰਕਾਸ਼, ਰਾਗ ਚੰਦ੍ਰੋਦਯ, ਆਦਿ ਇਸ ਨੂੰ ਦੇਵ ਗੰਧਾਰ ਕਹਿੰਦੇ ਹਨ। ਕੁਝ ਲੇਖਕ ਅਤੇ ਕਲਾਕਾਰ ਇਸ ਰਾਗ ਨੂੰ ਸੰਖੇਪ ਵਿਚ "ਗੰਧਾਰੀ" ਵੀ ਆਖ ਦਿੰਦੇ ਹਨ ਪਰ ਗੰਧਾਰੀ ਇਕ ਸੁਤੰਤਰ ਰਾਗ ਹੈ। ਭਾਰਤੀ ਸੰਗੀਤ ਵਿਚ ਗਵਾਲੀਅਰ ਘਰਾਣੇ ਨੂੰ ਪ੍ਰਮੁੱਖ ਸਥਾਨ ਦਿੱਤਾ ਜਾਂਦਾ ਹੈ, *ਉਸ ਘਰਾਣੇ ਦੇ ਗਾਇਕ ਇਸ ਨੂੰ "ਦੇਵਗੰਧਾਰੀ," ਹੀ ਕਹਿੰਦੇ ਹਨ।" ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਦਾ ਨਾਮ "ਰਾਗੁ ਦੇਵ ਗੰਧਾਰੀ" ਹੀ ਮਿਲਦਾ ਹੈ।

ਦੇਵ ਗੰਧਾਰੀ ਰਾਗ ਦੇ ਦੋ ਪ੍ਰਕਾਰ ਹਨ, ਦੋਵੇਂ ਆਸਾਵਰੀ ਮੇਲ ਤੋਂ ਉਤਪੰਨ ਮੰਨੇ ਜਾਂਦੇ ਹਨ। ਪਹਿਲਾਂ ਪ੍ਰਕਾਰ, ਜਿਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ, ਅਵਰੋਹ ਸੰਪੂਰਣ,

ਵਾਦੀ ਧੈਵਤ, ਸੰਵਾਦੀ ਗੰਧਾਰ ਅਤੇ ਸਮਾਂ ਪ੍ਰਾਤਾਕਾਲ ਹੈ। ਇਸ ਦੇ ਪੂਰਵਾਂਗ ਵਿਚ ਧਨਾਸਰੀ ਅਤੇ ਉਤ੍ਰਾਂਗ ਵਿਚ ਜੌਨਪੁਰੀ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ।

ਦੂਜੇ ਪ੍ਰਕਾਰ ਵਿਚ ਧੈਵਤ ਨਿਸ਼ਾਦ ਕੋਮਲ, ਗੰਧਾਰ ਦੋਵੇਂ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। (ਲੇਖਕ ਨੇ ਇਸੇ ਰੂਪ ਨੂੰ ਅਪਣਾਇਆ ਹੈ)। ਇਸ ਨੂੰ ਆਸਾਵਰੀ ਮੇਲ ਜਾਂ ਆਸਾਵਰੀ ਅੰਗ ਦਾ ਰਾਗ ਮੰਨਿਆ ਜਾਂਦਾ ਹੈ। ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ। ਜਾਤੀ

---

*ਗਵਾਲੀਅਰ ਘਰਾਣੇ ਦੇ ਪ੍ਰਤਿਨਿਧੀ ਗਾਇਕ ਪੰਡਿਤ ਕ੍ਰਿਸ਼ਣਾ ਰਾਓ ਪ੍ਰਿੰਸੀਪਲ, ਸ਼ੰਕਰ ਗਾਂਧਰਵ ਵਿਦਿਆਲਾ ਗਵਾਲੀਅਰ, ਆਪਣੀ ਪੁਸਤਕ 'ਸੰਗੀਤ ਪ੍ਰਵੇਸ਼, ਭਾਗ ਦੂਸਰਾ' ਦੇ ਪੰਨਾ 88 ਤੇ 'ਦੇਵਗੰਧਾਰੀ ਰਾਗ' ਦਾ ਪਰਿਚਯ ਇਸ ਪ੍ਰਕਾਰ ਦਿੰਦੇ ਹਨ :—"ਇਹ ਰਾਗ ਆਸਾਵਰੀ ਮੇਲ ਦਾ ਹੈ। ਸਰੂਪ ਵੀ ਇਸ ਦਾ ਆਸਾਵਰੀ ਨਾਲ ਬਹੁਤ ਮਿਲਦਾ ਹੈ। ਜਿਸ ਨੂੰ ਆਸਾਵਰੀ ਤੋਂ ਵੱਖ ਕਰਨ ਲਈ ਦੋ ਗੰਧਾਰ ਲਗਾਏ ਜਾਂਦੇ ਹਨ, ਜਿਹੜੇ ਕਿ ਦੇਵਗੰਧਾਰੀ ਦੇ ਸਰੂਪ ਨੂੰ ਵਿਸ਼ੇਸ਼ ਤੌਰ ਤੇ ਪ੍ਰਗਟ ਕਰਦੇ ਹਨ। ਸਾਡੇ ਘਰਾਣੇ ਵਿਚ ਇਸ ਨੂੰ ਦੇਵਗੰਧਾਰੀ ਕਹਿੰਦ ਹਨ। ਇਸ ਦੇ ਆਰੋਹ ਵਿਚ ਸ਼ੁੱਧ ਅਤੇ ਅਵਰੋਹ ਵਿਰ ਕੋਮਲ ਗੰਧਾਰ ਲਗਾਇਆ ਜਾਂਦਾ ਹੈ, ਅਤੇ ਆਰੋਹ-ਅਵਰੋਹ ਸੰਪੂਰਣ ਹੋ ਕੇ ਵਕਰ ਹੁੰਦਾ ਹੈ। ਇਸ ਨੂੰ ਆਸਾਵਰੀ ਨਾਲੋਂ ਜੁਦਾ ਕਰਕੇ ਗਾਉਣਾ ਹੀ ਚਤੁਰਤਾ ਹੈ। ਸਮਾਂ ਇਸ ਦਾ ਦੂਜਾ ਦਿਨ ਦਾ ਪਹਿਰ ਹੈ।"

ਇਸ ਤੋਂ ਉਪਰੰਤ ਦੇਵਗੰਧਾਰੀ ਦੇ ਸਰੂਪ ਬਾਰੇ ਉਸ ਪੁਸਤਕ ਵਿਚ ਇਕ ਦੋਹਰਾ ਆਪ ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ :

"ਆਸਾਵਰੀ ਕੋ ਮੇਲ ਲੇ ਦੁਹੂ ਗੰਧਾਰ ਲਗਾਯ।
ਗ ਧ ਵਾਦੀ ਸੰਵਾਦੀ ਤੋਂ ਦੇਵਗੰਧਾਰੀ ਕਹਾਯ॥"

ਇਸ ਦੀ ਸੰਪੂਰਣ-ਸੰਪੂਰਣ ਅਤੇ ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ। ਦੇਵਗੰਧਾਰੀ ਦਾ ਦੂਜਾ ਪ੍ਰਕਾਰ ਮਨੋਰੰਜਕ ਹੋਣ ਦੇ ਕਾਰਣ ਵਧੇਰੇ ਪ੍ਰਚਲਿਤ ਹੈ। ਧੈਵਤ ਵਾਦੀ ਹੋਣ ਦੇ ਨਾਤੇ ਇਸ ਨੂੰ ਉਤ੍ਰਾਂਗ ਪ੍ਰਧਾਨ ਰਾਗਾਂ ਦੇ ਵਰਗ ਵਿਚ ਸ਼ਾਮਲ ਕੀਤਾ ਜਾਂਦਾ ਹੈ। ਦੇਵਗੰਧਾਰੀ ਦੇ ਆਰੋਹ ਵਿਚ ਕੋਮਲ ਗੰਧਾਰ ਵਰਜਿਤ ਹੈ ਪਰੰਤੂ ਤੀਵਰ ਗੰਧਾਰ "ਸਾਰੇਗਮ" ਦੇ ਰੂਪ ਵਿਚ ਆਵੱਸ਼ਕ ਤੌਰ ਤੇ ਲਿਆ ਜਾਂਦਾ ਹੈ। ਇਸ ਤੇ ਉਤ੍ਰਾਂਗ ਵਿਚ "ਮਪਨ੍ਰੀਧ ਪ," ਸੁਰ ਸਮੂੰਹ ਬਾਰ ਬਾਰ ਵਰਤਿਆ ਜਾਂਦਾ ਹੈ। ਦੇਵਗੰਧਾਰੀ ਦੇ ਸਮਪ੍ਰਕ੍ਰਿਤਿਕ ਦੋ ਰਾਗ-ਆਸਾਵਰੀ ਅਤੇ ਜੌਨਪੁਰੀ ਹਨ। ਉਨ੍ਹਾਂ ਤੋਂ ਵੱਖ ਕਰਨ ਲਈ ਇਸ ਵਿਚ ਸੁੱਧ ਗੰਧਾਰ ਦੀ ਵਰਤੋਂ "ਸਾ, ਰੇ ਨ੍ਰੀ ਸਾ ਰੇ ਗ, ਗ, ਮ," ਬਹੁਤ ਸਹਾਈ ਹੁੰਦੀ ਹੈ। ਭਿੰਨਤਾ ਕਰਨ ਲਈ ਪ੍ਰਭਾਤ ਵੇਲੇ ਦੇ ਰਾਗਾਂ ਵਿਚ "ਸਾ ਰੇ ਗ ਮ" ਦੀ ਸੁਰਾਵਲੀ ਵੈਸੇ ਵੀ ਅਤਿਅੰਤ ਮਨੋਰੰਜਕ ਪ੍ਰਤੀਤ ਹੁੰਦੀ ਹੈ। ਕਲਾਕਾਰ ਦੇਵਗੰਧਾਰੀ ਵਿਚ "ਸਾ ਨ੍ਰੀਧ ਨੀਧ ਪ" ਸੁਰ ਸੰਗਤਿ ਨੂੰ ਬਹੁਤ ਮਹੱਤਵ ਦਿੰਦੇ ਹਨ। ਇਸ ਵਿਚ ਸੁੱਧ ਅਤੇ ਕੋਮਲ ਗੰਧਾਰ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਂਦੀ ਹੈ :—ਮ ਪ ਧ ਪ ਮ ਗ ਸਾ ਰੇ ਗ ਮ, ਜਾਂ "ਰੇ ਨ੍ਰੀ ਸਾ ਰੇ ਗ, ਮ, ਪ ਮ ਗ, ਰੇਸਾ।" ਇਸ ਤਾਰ ਦਾ ਗ੍ਰਹਿ (ਆਰੰਭਿਤ) ਸੁਰ ਮੱਧਿਅਮ ਮੰਨਿਆ ਜਾਂਦਾ ਹੈ। ਇਸ ਵਿਚ ਨਿਆਸ ਦੇ ਸੁਰ ਸ਼ਡਜ, ਗੰਧਾਰ, ਪੰਚਮ ਅਤੇ ਧੈਵਤ ਹਨ। ਦੇਵਗੰਧਾਰੀ ਦੇ ਅਵਰੋਹਾਤਮਕ ਰੂਪ ਵਿਚ "ਪ ਮ ਗ" ਸੁਰ ਸੰਗਤਿ ਬੜੀ ਮਹੱਤਵ ਪੂਰਣ ਹੈ।

ਪੰਜਾਬੀ ਸਾਹਿਤ ਦੇ ਇਕ ਮਹਾਨ ਵਿਦਵਾਨ ਡਾ. ਚਰਨ ਸਿੰਘ ਜੀ, ਸੰਗੀਤ ਗ੍ਰੰਥਾਂ ਦੇ ਹਵਾਲਿਆਂ ਦੁਆਰਾ, ਦੇਵਗੰਧਾਰੀ ਰਾਗ ਦਾ ਨਾਦਾਤਮਕ ਰੂਪ ਸਿੱਧ ਕਰਨ ਦਾ ਇਉਂ ਯਤਨ ਕਰਦੇ ਹਨ : "ਨਾਦ ਵਿਨੋਦ ਇਸ ਰਾਗ ਨੂੰ ਭੈਰੋਂ ਦਾ ਪੁੱਤਰ ਮੰਨਦਾ ਹੈ। ਨ੍ਰਿਤਯ ਨ੍ਰਿਣੈ ਗ੍ਰੰਥ ਵਿਚ ਇਸ ਨੂੰ ਸ੍ਰੀ ਰਾਗ ਦਾ ਪੁੱਤਰ ਅਤੇ ਰਾਗ ਮਾਲਾ ਵਿਚ ਇਸ ਨੂੰ ਮਾਲਕੌਂਸ ਦੀ ਰਾਗਣੀ "ਗੌਡਕਰੀ ਅਰੁ ਦੇਵ ਗੰਧਾਰੀ।" ਸੰਗੀਤ ਬਿਨੋਦ ਅਤੇ "ਰਾਗ ਦੀਪਿਕਾ" ਵਿਚ ਮਾਲਕੌਂਸ ਦੀ ਇਸਤ੍ਰੀ ਕਰਕੇ ਵੀ ਲਿਖਿਆ ਹੈ।" ਆਦਿ। ਪਰੰਤੂ ਗੁਰਮਤਿ ਸੰਗੀਤ ਪ੍ਰਣਾਲੀ ਦੇ ਆਧਾਰ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ, ਜਿਸ ਬਾਣੀ ਬਾਰੇ ਫੁਰਮਾਨ ਹੈ "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ"। ਉਸ "ਧੁਰ ਕੀ ਬਾਣੀ" ਵਿਚ ਚੌਥੇ ਪੰਜਵੇਂ ਅਤੇ ਨੌਵੇਂ ਸਤਿਗੁਰਾਂ ਨੇ ਇਕ ਬਾਰ ਨਹੀਂ! ਦੋ ਬਾਰ ਨਹੀਂ! ਸੰਤਾਲੀ ਬਾਰ, ਸਿਰਲੇਖ ਦੇ ਰੂਪ ਵਿਚ ਇਸ ਨੂੰ "ਰਾਗੁ ਦੇਵਗੰਧਾਰੀ" ਨਾਮ ਪ੍ਰਦਾਨ ਕੀਤਾ। ਇੱਥੇ ਹੀ ਬੱਸ ਨਹੀਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਦੋ ਸ਼ਬਦ ਇਸ ਰਾਗ ਵਿਚ ਗਾਏ ਉਨ੍ਹਾਂ ਦਾ ਵੀ ਸਿਰਲੇਖ ਹੈ "ਰਾਗੁ ਦੇਵਗੰਧਾਰੀ ਪਾਤਿਸਾਹੀ ੧੦॥"

ਪਹਿਲਾ ਸ਼ਬਦ ਹੈ :

"ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜਨ ਸਮਰਥ ਸਦਾ ਪ੍ਰਭ
ਜਾਨਤ ਹੈ ਕਰਤਾਰ ॥ ੧ ॥ ਰਹਾਉ ॥
ਕਹਾ ਭਇਓ ਜੋ ਅਤ ਹਿਤ ਚਿਤ ਕਰ
ਬਹੁ ਬਿਧ ਸਿਲਾ ਪੁਜਾਈ ॥
ਪ੍ਰਾਨ ਬਕਿਓ ਪਾਹਨ ਕਹ ਪਰਸਤ
ਕਛੂ ਕਰ ਸਿਧ ਨ ਆਈ ॥ ੨ ॥ ×××

ਅਤੇ ਦੂਜਾ ਸ਼ਬਦ ਹੈ :—

ਰਾਗੁ ਦੇਵਗੰਧਾਰੀ ਪਾਤਿਸ਼ਾਹੀ ੧੦ ॥
"ਬਿਨ ਹਰਿ ਨਾਮ ਨ ਬਾਚਨ ਪੈ ਹੈ ॥
ਚੌਦਹ ਲੋਕ ਜਾਹਿ ਬਸ ਕੀਨੇ
ਤਾ ਤੇ ਕਹਾਂ ਪਲੈ ਹੈ ॥ ੧ ॥ ਰਹਾਉ ॥
ਰਾਮ ਰਹੀਮ ਉਬਾਰ ਨ ਸਕ ਹੈ
ਜਾ ਕਰ ਨਾਮ ਰਟੈ ਹੈ ।
ਬ੍ਰਹਮਾ ਬਿਸਨ ਰੁਦ੍ਰ ਸੁਰਜ ਸਸਿ
ਤੇ ਬਸਿ ਕਾਲ ਸਬੈ ਹੈ ॥ ੧ ॥ × × ×

ਸੋ ਉਪਰੋਕਤ ਹਵਾਲਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਸੰਗੀਤ ਪੱਧਤੀ ਅਨੁਸਾਰ ਦੇਵਗੰਧਾਰੀ ਰਾਗ ਹੈ, ਕਿਸੇ ਦੀ ਰਾਗਣੀ ਜਾਂ ਪੁੱਤਰ ਨਹੀਂ ।

ਆਰੋਹ :—ਸਾ ਰੇ ਗ ਮ, ਰੇ ਮ ਪ, ਧ ਮ, ਪ ਧ ਨੀ ਸਾਂ ।

ਅਵਰੋਹ :—ਸਾਂ ਨੀ ਧ, ਪ, ਮ ਪ (ਮ) ਗ, ਰੇ, ਰੇ ਗ ਮ, ਪ (ਮ) ਗ, ਰੇ ਸਾ ।

ਮੁੱਖਅੰਗ :— (ਧ ਮ), ਪ ਨੀ ਧ ਪ, ਮ ਪ (ਮ) ਗ, ਰੇ ਸਾ ਰੇ ਨ, ਸਾ ਰੇ ਗ ਗ ਮ,

(ਮ) ਪ ਗ, ਰੇ ਸਾ ।

ਰਾਗ ਦੇਵ ਗੰਧਾਰੀ ਸੁਰ ਵਿਸਤਾਰ

1. ਸਾ, ਸਾ (ਨੀ) ਧ (ਨੀ) ਧ ਪ, ਮ ਪ ਧ ਮ ਪ, (ਮ) ਗ, ਰੇ ਗ, ਮ, ਰੇ ਮ ਪ, ਮ ਧ (ਧ ਮ)

(ਮ) ਪ ਗ, ਰੇ ਸਾ, ਰੇ ਨ ਧ ਧ ਪ, ਮ ਪ ਧ ਧ ਪ ਮ ਪ ਨ ਧ ਪ, (ਧ ਮ) (ਪ ਸਾ)
ਧ ਧ ਪ,

ਮ ਪ ਧ ਧ ਸਾ, ਸਾ ਰੇ ਗ ਗ ਮ, ਗ ਰੇ ਸਾ ਰੇ ਨ, ਸਾ ਰੇ ਗ ਗ ਮ, (ਮ) ਰੇ ਮ ਪ,

ਪ ਧ ਮ ਪ, ਮ ਪ ਧ ਪ (ਮ) (ਮ) ਗ ਰੇ ਗ ਗ ਮ, ਮ ਧ ਧ ਪ, (ਧ ਮ) , ਪ ਨੀ ਧ ਪ,

(ਧ ਮ) (ਮ) ਪ ਗ

ਮ ਮ
ਸਾ ਰੇ ਗ ਮ, ਰੇ ਮ ਧ ਧ ਮ ਪ ਗ ਗ ਰੇ ਸਾ ।

ਮ ਮ
2. ਸਾ ਸਾ ਰੇ ਰੇ ਮ ਮ ਪ, ਮ ਪ ਗ ਗ ਸਰੇਗ ਗ ਮ ਮ ਪ, ਮ ਪ ਧ ਮ ਪ ਗ,

ਮ ਮ
ਰੇ ਗ, ਮ, ਗ ਮ ਪ ਧ ਮ ਪ, ਗ, ਸ ਰੇ ਪ ਗ, ਰੇ ਸਾ, ਰੇ ਨ, ਸਾ ਰੇ ਗ ਗ ਮ
ਰੇ ਮ ਪ,

ਸਾ ਰੇ ਗ ਮ, ਮ ਪ ਧ ਧ, ਪ, ਧ ਮ, ਪ ਧ ਨ ਧ ਪ, ਧ ਧ ਪ, ਸਾ ਧ ਧ ਨ ਧ ਪ,

ਪ ਧ ਮ ਪ ਧ ਨ ਸਾ ਰੇ ਨ ਸਾ ਧ ਧ ਪ, ਮ ਪ ਧ ਨ ਸਾ ਰੇ ਨ ਧ ਧ ਪ, ਮ ਪ

ਮ ਮ
ਨ ਧ ਧ ਪ, ਮ ਪ ਧ ਧ ਪ, ਧ ਮ ਪ ਗ, ਸਾ ਰੇ ਗ ਗ ਮ, ਪ ਗ ਰੇ ਸਾ ।

3. ਮ ਪ ਧ ਧ ਸਾ, ਨ ਸਾ, ਮ ਪ ਧ ਨ ਸਾ, ਮ ਪ ਧ ਨ ਸਾ ਰੇ ਨ ਸਾ ਧ ਧ ਸਾ,
ਰੇ ਨ ਸਾ ਰੇ
ਧ ਧ ਪ, ਮ ਪ ਧ ਧ ਸਾ, ਧ ਪ ਮ ਪ, ਨ ਧ ਪ ਧ, ਮ ਪ ਧ ਧ ਸਾ,
ਸਾ ਨ ਧ ਪ ਮ ਪ ਧ ਪ ਮ ਗ ਰੇ ਸਾ, ਰੇ ਨ ਸਾ ਰੇ ਗ ਗ ਮ, ਮ ਪ ਧ ਧ ਸਾ,

ਰੇ ਨ ਧ ਪ ਧ ਮ, ਧ ਧ ਨ ਸਾ, ਧ ਨ ਸਾ ਰੇ, ਧ ਧ ਸਾ ਰੇ, ਧ ਰੇ ਰੇ ਸਾ,

ਰੇ ਨ ਧ ਪ, ਧ ਮ, ਪ ਧ ਸਾ ਰੇ, ਧ ਨ ਧ ਸਾ ਨ ਰੇ ਧ ਧ ਸਾ, ਮ ਪ ਧ ਨ

ਸਾ ਰੇ ਗ ਰੇ ਸਾ, ਰੇ ਨ ਸਾ ਰੇ ਧ ਧ ਪ, ਧ ਮ ਪ ਧ ਨ ਸਾ, ਰੇ ਨ ਸਾ
ਰੇ ਗਂ ਗਂ ਮਂ,

ਮ
ਰੇ ਮਂ ਪਂ, ਮਂ ਪਂ ਗ ਗ ਰੇ ਗਂ ਮਂ, ਪਂ ਗ ਰੇ ਸਾ, ਰੇ ਨ ਧ ਪ,

ਸਾ ਰੇ ਗ ਮ ਪ ਧ ਨ ਸਂ ਪ ਧ ਮ ਪ ਨ ਧ ਪ, ਮ ਪ ਧ ਮ ਪ, ਗ ਰੇ ਸਾ, ਰੇ ਨ

ਮ
ਸਾ ਰੇ ਗ ਗ ਮ, ਪ ਧ ਮ ਪ ਗ, ਰੇ ਸਾ ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਦੇਵਗੰਧਾਰੀ ਮਹਲਾ ੯ ॥

ਯਹ ਮਨੁ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ
ਦੁਰਮਤਿ ਤੇ ਨ ਟਰੈ ॥ ੧ ॥ ਰਹਾਉ ॥
ਮਦਿ ਮਾਇਆ ਕੈ ਭਇਓ ਬਾਵਰੋ
ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹ ਕੈ
ਅਪਨੋ ਉਦਰੁ ਭਰੈ ॥ ੧ ॥
ਸੁਆਨ ਪੂਛ ਜਿਉ ਹੋਇ ਨ ਸੂਧੋ
ਕਹਿਓ ਨ ਕਾਨ ਧਰੈ ॥
ਕਹੁ ਨਾਨਕ ਭਜੁ ਰਾਮ ਨਾਮ ਨਿਤ
ਜਾ ਤੇ ਕਾਜੁ ਸਰੈ ॥ ੨ ॥ ੧ ॥

ਰਾਗ ਦੇਵਗੰਧਾਰੀ ਤਿੰਨਤਾਲ

ਸਥਾਈ :—

			ਧ ਮ ਪ ਨ
			ਯ ਹ ਮ ਨ
		ਮ	3
ਧ – ਪ ਪ	ਧ ਮ ਪਧ ਮਪ	ਗ – ਰੇ ਸ	ਗ – ਰੇ ਸਾ
ਨੈ ऽ ਕ ਨ	ਕ ਹਿਓ ऽऽ ਕ ऽ	ਰੈ ऽ ऽ ऽ	ਸੀ ऽ ਖ ਸਿ
×	2	0	3
		ਰੇ	
ਰੇ – ਸਾ ਸ	ਰੇ ਨ਼ੀ ਸਾ ਰੇ	ਗ ਗ ਮ ਗਮ	ਪ ਪ ਧ ਧ
ਖਾ ऽ ਇ ਰ	ਹਿਓ ऽ ਅ ਪ	ਨੀ ऽ ਸੀ ऽऽ	ਦ੍ਰ ਰ ਮ ਤਿ
×	2	0	3
		ਨ਼ੀ ਨ਼ੀ	
ਸांਰे॑ ਗ॒ ਰे॑ ਸां	ਰे॑ ਨ਼ੀ ਸां ਰे॑	ਧ ਧ ਪ –	
ਤੇ ऽ ऽ ਨ ਟ	ਰੈ ऽ ऽ ऽ	ऽ ऽ ऽ ऽ	
×	2	0	3
		ਅੰਤਰਾ :—	ਮ ਮ ਪ –
			ਮ ਦਿ ਮਾ ऽ
			3
ਨ਼ੀ – ਨ਼ੀ			ਨ਼ੀ ਨ਼ੀ
ਧ – ਧ –	ਸां ਸां – ਸां	– ਸां ਸां –	ਧ ਧ ਸां ਸां
ਇਆ ऽ ਕੈ ऽ	ਭ ਇਓ ऽ ਬਾ	ऽ ਵ ਰੋ ऽ	ਹ ਰਿ ਜ ਸ
×	2	0	3
		ਨ਼ੀ ਨ਼ੀ	
ਸांरे॑ ਗ॒ ਰे॑ ਸां	ਰे॑ ਨ਼ੀ ਸां ਰे॑	ਧ ਧ ਪ –	ਧ ਮ ਪ ਸां
ਨ ऽ ਹਿ ੳ ਚ	ਰੈ ऽ ऽ ऽ	ऽ ऽऽऽ	ਕ ਰਿ ਪ ਰ
×	2	0	3
ਨੀ		ਮ ਮ	
ਧ – ਪ, ਪ	ਧ ਮ ਪਧ ਮਪ	ਗ ਗ ਰੇ ਸ	ਰੇ ਗ ਰੇ ਸਾ
ਪੰ ऽ ਚ, ਜ	ਗ ਤ ਕਉ ऽऽ	ਡ ਹ ਕੈ ऽ	ਅ ਪ ਨੋ ऽ
			3
×	2	0	
ਰੇ ਨ਼ੀ ਸਾ ਰੇ	ਗ ਰੇ ਗ ਮ ਗ ਮ	ਰੇ ਮ ਗ ਮ ਪ	
ਉ ਦ ਰ ਭ	ਰੈ ऽऽ ऽ ऽऽ	ऽ ऽ ऽऽ ऽ	
×	2	0	

ਰਾਗ ਦੇਵਗੰਧਾਰੀ (ਇਕ ਅਪ੍ਰਚਲਿਤ ਪ੍ਰਕਾਰ)

ਦੇਵਗੰਧਾਰੀ ਦੇ ਇਸ ਪ੍ਰਕਾਰ ਵਿਚ ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਹੋਰ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਔਡਵ-ਸੰਪੂਰਣ ਹੈ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ਡਜ ਹੈ। ਇਸ ਦੇ ਅਵਰੋਹ ਵਿਚ ਰਿਸ਼ਭ ਸੁਰ ਦਾ ਅਲਪਤਵ ਮੰਨਿਆ ਜਾਂਦਾ ਹੈ। ਇਸ ਦੇ ਗਾਉਣ ਅਤੇ ਵਜਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਆਰੋਹ :—ਸਾ ਰੇ ਮ, ਪਧ ਪਮ, ਪਧ ਸਾਂ।

ਨ੍ਹੀ

ਅਵਰੋਹ :—ਸਾਂ ਨੀ ਧ ਪ, ਧ ਪ ਮ, ਗ, ਰੇ ਸਾ ।

ਰੇ

ਮੁਖ ਅੰਗ :— ਮ, ਪਧ, ਪਮ, ਗ, ਸਾ ਰੇ ਮ ।

ਰਾਗ ਦੇਵਗੰਧਾਰੀ ਤਿੰਨਤਾਲ (ਇਕ ਪ੍ਰਕਾਰ)

		ਸਾਰੇ ਮਪ ਧਨ੍ਹੀ ਧਪ	ਮ ਗ ਸ ਰੇ
		ਯਤ ਹਤ ਮਤ ਨ੍ਹਤ	ਨੈ ਤ ਕ ਨ
		0	3
ਮ ਮ ਮ ਪ	ਪ ਮ ਗ — ਰੇ ਸਾ	ਸਾ — ਸਾ ਰੇ	ਨ੍ਹੀ ਨ੍ਹੀ ਧ ਪ
ਕ ਹਿਓ ਤ ਕ	ਰੈ ਤ ਤ ਤ	ਸੀ ਤ ਖ ਸਿ	ਖਾ ਤ ਇ ਰ
×	2	0	3
ਮਪ ਧ ਪਧ ਸਾ	ਧਸਾ ਰੇਗ ਸਾ —	ਸਾ ਮਰੇ ਪਮ ਧਪ	ਸਾਂ — ਸਾਂ ਸਾਂਰੇਂ
ਹਿਓ ਤ ਅਤ ਪ	ਨੀਤ ਤਤ ਸੀ ਤ	ਦੂ ਰਤ ਮਤ ਤਿਤ	ਤੇ ਤ ਨ ਟਤ
×	2	0	3
ਨ੍ਹੀ ਨ੍ਹੀ ਧ ਪ	ਪਧ ਨ੍ਹੀਧ ਪਮ ਗਰੇ		
ਰੈ ਤ ਤ ਤ	ਤਤ ਤਤ ਤਤ ਤਤ		
×	2		
	ਅੰਤਰਾ —	ਮ ਮ ਮ — ਮ ਦ ਮਾ ਤ	ਪ — ਧ — ਇਆ ਤ ਕੈ ਤ
		0	0
ਸਾਂ ਸਾਂ — ਸਾਂ	— ਸਾ ਸਾ —	ਸਾਂ ਸਾਂ ਧ ਧ	ਸਾਂ ਸਾਂ ਰੇਂ ਰੇਂ
ਭ ਇਓ ਤ ਬਾ	ਤ ਵ ਰੋ ਤ	ਹ ਰਿ ਜ ਸੁ	ਨ ਹਿ ਉ ਚ
×	2	0	3
ਸਾਂਰੇਂ ਗਂ ਰੇਂ ਸਾਂ	ਨੀ ਨੀ ਧ ਪ	ਸਾਂ ਸਾਂ ਸਾਂ ਰੇਂ	ਨੀ — ਧ ਧ
ਰੈਤ ਤ ਤ ਤ	ਤ ਤ ਤ ਤ	ਕ ਰਿ ਪ ਰ	ਪੰ ਤ ਚ ਜ
×	2	0	0

ਪ ਧ ਪ –	ਮ ਧ ਪ –	ਸਾ ਮਰੇ ਪਮ ਧਪ	ਸਾਂ ਸਾਂ ਸਾਂ ਸਾਂਰੇਂ
ਗ ਤ ਕਉ ੜ	ਡ ਹ ਕੈ ੜ	ਅ ਪੜ ਨੋੜ ੜੜ	ਉ ਦ ਰੁ ਭੜ
×	2	0	3
ਨ੍ਹੀ ਨ੍ਹੀ ਧ ਪ	ਪਧੁ ਨ੍ਹੀਧੁ ਪਮ ਗਰੇ		
ਰੈ ੜ ੜ ੜ	ੜੜ ੜੜ ੜੜ ੜੜ		
×	2		

ਦੇਵਗੰਧਾਰੀ ਮਹਲਾ ੯ ॥

ਸਭਿ ਕਿਛੁ ਜੀਵਤ ਕੋ ਬਿਵਹਾਰ ॥
ਮਾਤ ਪਿਤਾ ਭਾਈ ਸੁਤ ਬੰਧਪ
ਅਰੁ ਫੁਨਿ ਗ੍ਰਿਹ ਕੀ ਨਾਰਿ ॥ ੧ ॥ ਰਹਾਉ ॥
ਤਨ ਤੇ ਪ੍ਰਾਨ ਹੋਤ ਜਬ ਨਿਆਰੇ
ਟੇਰਤ ਪ੍ਰੇਤਿ ਪੁਕਾਰਿ ॥
ਆਧ ਘਰੀ ਕੋਊ ਨਹਿ ਰਾਖੈ
ਘਰਿ ਤੇ ਦੇਤ ਨਿਕਾਰਿ ॥ ੧ ॥
ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ
ਯਹ ਦੇਖਹੁ ਰਿਦੈ ਬਿਚਾਰਿ ॥
ਕਹੁ ਨਾਨਕ ਭਜੁ ਰਾਮਨਾਮ ਨਿਤ
ਜਾ ਤੇ ਹੋਤ ਉਧਾਰ ॥ ੨ ॥ ੨ ॥

ਰਾਗ ਦੇਵਗੰਧਾਰੀ ਤਿੰਨਤਾਲ

ਸਥਾਈ :

		ਮ ਪ	ਧ
		ਰੇ ਰੇ ਮ ਮ	ਪ – ਸਾਂ ਸਾਂ
		ਸ ਭਿ ਕਿ ਛੂ	ਜੀ ੱ ਵ ਤ
		0	3
			ਮ ਰੇ ਮ
ਨ੍ਹੀ ਧ ਧ ਮ	ਪ – – ਪ	ਧ ਮ ਮਪਧ ਮਪ	ਗ ਰੇ ਪ ਪ
ਕੋ ੱ ਬਿ ਵ	ਹਾ ੱ ੱ ਰ	ਮਾ ੱ ਤੁੱ ਪਿ ੱ	ਤ ੱ ਭਾ ੱ
×	2	0	3
ਮ			
ਗ – ਗ ਗ	ਰੇ – ਸਾ ਸ	ਗ ਰੇ ਗ ਸਾ	ਰੇ ਨ੍ਹੀ ਸਾ ਰੇ
ਈ ੱ ਸ ਤ	ਬੰ ੱ ਧ ਪ	ਅ ਰ ਫ ਨਿ	ਗ੍ਰਿ ਹ ਕੀ ੱ
×	2	0	3
ਰੇ			
ਗ ਗ ਮ ਗਮ	ਰੇ ਮ ਰੇਮ ਪ	ਧ ਪ ਧ ਮ	ਪ – ਸਾਂ ਸਾਂ
ਨਾ ੱ ੱ ੱੱ	ੱ ੱ ੱੱ ਰਿ	ਸ ਭਿ ਕਿ ਛੂ	ਜੀ ੱ ਵ ਤ
×	2	0	3
	ਅੰਤਰਾ :	ਮ ਮ ਪ –	ਧ – ਧ ਸਾਂ
		ਤ ਨ ਤੋ ੱ	ਪ੍ਰਾ ੱ ਨ ਹੋ
– ਸਾਂ ਸਾਂ ਸਾਂ	ਸਾਂਰੇਂ ਨ੍ਹੀ ਸਾਂ –	ਧ ਰੇਂ ਰੇਂ ਰੇਂ	ਸਾਂਰੇਂ ਗ਼ੇਂ ਰੇਂ ਸਾਂ
ੱ ਤ ਜ ਬ	ਨਿਆ ੱ ਰੇ ੱ	ਟੋ ੱ ਰ ਤ	ਪ੍ਰੇ ੱ ਤ ਪ
×	2	0	3
	ਨ੍ਹੀ ਨ੍ਹੀ		
ਨ੍ਹੀ ਸਾਂ ਨ੍ਹੀ ਸਾਂ ਰੇਂ	ਧ ਧ ਪ ਪ	ਧ ਮ ਪ ਨ੍ਹੀ	ਧ ਪ ਮਪ ਧਪ
ਕਾ ੱ ੱੱ ੱ	ੱ ੱ ੱ ਰਿ	ਆ ੱ ਧ ਘ	ਰੀਤ ਕੋਤ ੱੱ
×	2	0	3
ਮ			
ਗ – ਰੇ ਸ	ਰੇ – ਸਾ –	ਗ ਰੇ ਗ ਸਾ	ਰੇ ਨ੍ਹੀ ਸਾ ਰੇ
ਉ ੱ ਨ ਹਿ	ਰਾ ੱ ਖੈ ੱ	ਘ ਰਿ ਤੋ ੱ	ਦੇ ੱ ਤ ਨਿ
	2	0	3
ਗ ਰੇਗ ਮ ਗਮ	ਪ ਮਪ ਪਧ ਨ੍ਹੀਸਾਂ		
ਕਾ ੱੱ ੱ ੱੱ	ੱ ੱੱ ੱੱ ੱਰਿ		
×	2		

ਰਾਗ ਦੇਵਗੰਧਾਰੀ ਤਿੰਨਤਾਲ (ਅਪ੍ਰਚਲਿਤ ਪ੍ਰਕਾਰ)

ਸਥਾਈ :—	ਸਾ ਰੇ ਮ ਪ ਸ ਭਿ ਕਿ ਛੂ 2	ਧ – ਪ ਮ ਜੀ ਸ ਵ ਤ 0	ਰੇ ਗ – ਸਾ ਰੇ ਕੋ ਸ ਬਿ ਵ 3
ਮ – – ਮ	ਸਾ ਰੇ ਮ ਧ	ਪ – ਪ –	ਮਪ ਧਨੀ ਧ ਪ
ਹਾ ਸ ਸ ਰ	ਮਾ ਸ ਤ ਪਿ	ਤਾ ਸ ਭਾ ਸ	ਈਸ ਸਸ ਸ ਤ
×	2	0	3
ਪ ਰੇ ਮ ਪ ਗ ਸਾ	ਮ ਰੇ ਪ ਮ	ਧ ਪ ਸਾਂ ਧ	ਸਾਂਰੇ ਗਂਰੇ ਸਾਂਨੀ ਧਪ
ਬੰ ਸ ਧ ਪ	ਅ ਰ ਢ ਨਿ	ਗ੍ਰ ਹ ਕੀ ਸ	ਨਾਸ ਸਸ ਸਸ ਸਸ
×	2	0	3
ਮਧ ਪਮ ਗਰੇ ਸਾ			
ਸਸ ਸਸ ਸਸ ਰਿ			
×			
ਅੰਤਰਾ :—			
	ਮ ਮ ਪ ਧ ਤ ਨ ਤੇ ਸ 2	ਸਾਂ – ਸਾਂ ਸਾਂ ਪ੍ਰਾ ਸ ਨ ਹੋ 0	– ਸਾਂ ਨੀ ਧ ਸ ਤ ਜ ਬ 3
ਧ ਰੇ ਸਾਂ –	ਪ – ਧ ਸਾਂ	ਰੇ – ਰੇ ਰੇ	ਸਾਂਰੇ ਗਂ ਸਾ ਰੇ
ਨਿਆ ਸ ਰੇ ਸ	ਟੇ ਸ ਰ ਤ	ਪ੍ਰੇ ਸ ਤਿ ਪੁ	ਕਾਸ ਸ ਸ ਸ
×	2	0	3
ਸਾਂ ਨੀ ਧ ਪ	ਸਾਂ – ਸਾਂ ਰੇ	ਨੀ – ਧ ਪ	ਪਧ ਨੀਂ ਧ ਪ
ਸ ਸ ਸ ਰਿ	ਆ ਸ ਧ ਘ	ਰੀ ਸ ਕੋ ਸ	ਉਸ ਸ ਨ ਹਿ
×	2	0	3

ਰੇ ਮ ਪ ਗ ਸਾ	ਸਾ ਰੇ ਮ –	ਪਧੁ ਮ ਪ ਧ	ਸਾਂਰੇਂ ਗੰਰੇਂ ਸਾਂਨੀ ਧਪ
ਰਾ ੱ ਖੈ ੱ	ਘ ਰਿ ਤੇ ੱ	ਦੇਓ ੱ ਤ ਨਿ	ਕਾਓ ੱੱ ੱੱ ੱੱ
×	2	0	3
ਮਧ ਪਮ ਗਰੇ ਸਾ			
ੱੱ ੱੱ ੱੱ ਰਿ			
×			

ਦੇਵਗੰਧਾਰੀ ਮਹਲਾ ੯ ॥

ਜਗਤ ਮੈ ਝੂਠੀ ਦੇਖੀ ਪ੍ਰੀਤਿ ।
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ ॥ ੧ ॥ ਰਹਾਉ ॥
ਮੇਰੇਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ ॥
ਅੰਤਿ ਕਾਲਿ ਸੰਗੀ ਨਹ ਕੋਊ
ਇਹ ਅਚਰਜ ਹੈ ਰੀਤਿ ॥ ੧ ॥
ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥ ੨ ॥ ੩ ॥

ਰਾਗ ਦੇਵਗੰਧਾਰੀ ਤਿੰਨਤਾਲ

ਸਥਾਈ :			
			ਸਾ ਮ ਪ ਰੇ ਮ ਪ ਸਾਂ ਜ ਗ ਤ ਮੈ ਤ
ਨ੍ਹੀ		ਮ	3 ਮ ਪ
ਧ੍ਰ – ਪ –	ਧ੍ਰ ਮ ਪਧ੍ਰ ਮਪ	ਗ੍ਰ – ਰੇ, ਸਾ	ਰੇ ਮ ਪ –
ਝ੍ਰ ਤ ਠੀ ਤ	ਦੇ ਤ ਖੀਤ ਤਤ	ਪ੍ਰੀ ਤ ਤਿ, ਜ	ਗ ਤ ਮੈ ਤ
×	2	0	3
ਧ੍ਰ ਪ ਧ੍ਰ ਮ	ਮਪ ਨ੍ਹੀ ਧ੍ਰ ਪ	ਧ੍ਰ ਮ ਮਪ ਧ੍ਰਪ	ਮ ਗ੍ਰ – ਰੇ ਸਾ
ਅ ਪ ਨੇ ਤ	ਹੀ ਤ ਸ੍ਰ ਖ	ਸਿਉ ਸ੍ਰਤ ਭਤ	ਲਾ ਤ ਗੇ ਤ
×	2	0	3
ਸਾ – – ਸਾ	ਰੇਰੇ ਸਾਨ੍ਹੀ ਸਾ ਰੇ	ਰੇ ਗ ਗ ਮ, ਪ	ਧ੍ਰ ਮ ਪ ਸਾਂ
ਕਿਆ ਤ ਤ ਦਾ	(ਰਾਤ ਤਤ ਕਿਆ ਤ	ਮੀ ਤ ਤ, ਜ	ਗ ਤ ਮੈ ਤ
×	2	0	3
		ਅੰਤਰਾ :—	
ਮ – ਪ –	ਧ੍ਰ – ਧ੍ਰ –	ਸਾਂ ਸਾਂ – ਸਾਂ	ਰੇਂ ਨ੍ਹੀ ਸਾਂ –
ਮੇ ਤ ਰਉ ਤ	ਮੇ ਤ ਰਉ ਤ	ਸ ਭੈ ਤ ਕ	ਹ ਤ ਹੈ ਤ
×	2	0	3
ਧ ਧ੍ਰ ਪ ਧ੍ਰ	ਸਾਂਰੇਂ ਗ੍ਰਂ ਰੇਂ ਸਾਂ	ਰੇ ਨ੍ਹੀ ਸਾਂ ਰੇਂ	ਧ੍ਰ – ਪ ਪ
ਹਿ ਤ ਸਿਉ	ਬਾਤ ਤ ਧਿਓ ਤ	ਚੀ ਤ ਤ ਤ	ਤ ਤ ਤ ਤ
×	2	0	3
ਧ੍ਰ – ਪ ਧ੍ਰ	– ਮ ਮਪ ਧ੍ਰਪ	ਗ੍ਰ – ਰੇ ਸਾ	ਰੇ – ਸਾ –
ਅੰ ਤ ਤਿ ਕਾ	ਤ ਲਿ ਸੰਤ ਤਤ	ਗੀ ਤ ਨ ਹ	ਕੋ ਤ ਉ ਤ
×	2	0	3
ਰੇ ਨ੍ਹੀ ਸਾ ਰੇ	ਗ ਗ ਮ –	ਰੇ ਮ ਪ, ਪ	ਧ੍ਰ ਮ ਪ ਸਾਂ ਗ ਤ ਮੈ ਤ
ਇ ਹ ਅ ਚ	ਰ ਜ ਹੈ ਤ	ਰੀ ਤ ਤਿ, ਜ	
×	2	0	3

ਰਾਗ ਬਿਹਾਗੜਾ

ਸੰਖੇਪ ਪਰਿਚਯ

ਰਾਤੀਂ ਗਾਏ ਜਾਣ ਵਾਲੇ ਰਾਗਾਂ ਵਿਚੋਂ ਬਿਹਾਗੜਾ ਬੜਾ ਮਧੁਰ ਰਾਗ ਹੈ। ਬਿਹਾਗੜਾ ਦੀ ਸਿਰਜਣਾ ਦੋ ਰਾਗਾਂ–ਬਿਹਾਗ ਅਤੇ ਖਮਾਜ ਦੇ ਮਿਸ਼ਰਣ ਤੋਂ ਹੋਈ ਹੈ। ਕਈ ਵਿਦਵਾਨ ਬਿਹਾਗੜੇ ਨੂੰ ਬਿਹਾਗ ਦਾ ਉਪ–ਅੰਗ ਮੰਨਦੇ ਹਨ। ਇਸ ਰਾਗ ਦੀ ਸਾਧਾਰਣ ਰੂਪ-ਰੇਖਾ ਬਿਹਾਗ ਦੇ ਹੀ ਸਮਾਨ ਹੈ। ਬਿਹਾਗ ਦੇ ਨਿਯਮਾਂ ਵਿਚ ਥੋੜ੍ਹਾ ਬਹੁਤਾ ਪਰਿਵਰਤਨ ਕਰਕੇ ਖਮਾਜ ਦੀ "ਗਮ ਪ ਧ ਨੀ ਧ ਪ" ਸੁਰ ਸੰਗਤਿ ਦੇ ਸੰਜੋਗ ਤੋਂ ਬਿਹਾਗੜੇ ਦਾ ਸਰੂਪ ਸਥਾਪਿਤ ਕੀਤਾ ਜਾਂਦਾ ਹੈ।

ਇਸ ਰਾਗ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਹਨ। ਇਕ ਵਿਚ ਦੋਵੇਂ ਮੱਧਿਅਮ ਅਤੇ ਦੂਜੇ ਵਿਚ ਦੋਵੇਂ ਨਿਸ਼ਾਦ ਪ੍ਰਯੋਗ ਹੁੰਦੇ ਹਨ। ਦੋ ਨਿਸ਼ਾਦਾਂ ਵਾਲੇ ਬਿਹਾਗੜੇ ਦਾ ਪੰਜਾਬ ਵਿਚ ਬਹੁਤ ਪ੍ਰਚਾਰ ਹੈ। ਅਸੀਂ ਇੱਥੇ ਪੰਜਾਬੀ ਬਿਹਾਗੜੇ ਤੇ ਹੀ ਵਿਚਾਰ ਕਰ ਰਹੇ ਹਾਂ।

ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ ਅਤੇ ਅਵਰੋਹ ਸੰਪੂਰਣ ਹੋਣ ਕਾਰਣ ਜਾਤੀ ਔਡਵ-ਸੰਪੂਰਣ ਹੈ। ਕੁਝ ਵਿਦਵਾਨ ਇਸ ਦੀ ਜਾਤੀ ਸ਼ਾਡਵ-ਸੰਪੂਰਣ ਮੰਨਦੇ ਹਨ। ਬਿਹਾਗੜਾ ਦੇ ਆਰੋਹ ਅਵਰੋਹ ਵਿਚ ਸ਼ੁੱਧ ਨਿਸ਼ਾਦ ਅਤੇ ਅਵਰੋਹ ਵਿਚ "ਸਾਂ ਨੀ ਪ, ਨ੍ਹੀ ਧ ਪ, ਗ ਮ ਗ" ਦੇ ਰੂਪ ਵਿਚ ਕੋਮਲ ਨਿਸ਼ਾਦ ਲਿਆ ਜਾਂਦਾ ਹੈ। ਇਸ ਦਾ ਵਾਦੀ ਗੰਧਾਰ ਅਤੇ ਸੰਵਾਦੀ ਤੀਬਰ ਨਿਸ਼ਾਦ ਹੈ। ਇਸ ਰਾਗ ਦੇ ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ। ਇਹ ਪੂਰਵਾਂਗ ਵਾਦੀ ਰਾਗ ਹੈ। ਕਲਾਕਾਰਾਂ ਦਾ ਵਿਚਾਰ ਹੈ ਕਿ ਬਿਹਾਗੜਾ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਇਸ ਰਾਗ ਵਿਚ ਮੱਧਿਅਮ ਤੇ ਠਹਿਰਾਓ ਕਰਨ ਨਾਲ ਇਹ ਬੜਾ ਸੁੰਦਰ ਪ੍ਰਤੀਤ ਹੁੰਦਾ ਹੈ।

ਆਰੋਹ :—ਸਾ ਗ, ਮ ਪ ਨੀ ਸਾਂ

ਅਵਰੋਹ :—ਸਾਂ ਨੀ ਧ ਪ, ਨ੍ਹੀ ਧ ਪ, ਗ ਮ ਗ, ਪ ਮ ਗ, ਰੇ ਸਾ।

ਮੁੱਖ ਅੰਗ :—ਨ੍ਹੀ ਧ ਪ, ਗ ਮ ਗ, ਪ ਮ ਗ, ਰੇ ਸਾ।

ਇਸ ਦੇ ਆਰੋਹ ਦੀ ਰੂਪ ਰੇਖਾ ਇਉਂ ਵੀ ਮੰਨੀ ਜਾਂਦੀ ਹੈ :—

ਆਰੋਹ :—ਨ੍ਹੀ ਸਾ ਗ ਮ ਪ ਧ ਨ੍ਹੀ ਧ ਪ, ਗ ਮ ਪ ਨੀ ਸਾਂ,

ਅਵਰੋਹ :— ਸਾਂ ਨੀ ਧ ਪ, ਨ੍ਹੀ ਧ ਪ, ਪ ਮ ਪ ਗ, ਮ ਗ ਰੇ ਸ।

ਮੁੱਖ ਅੰਗ :—ਗ ਮ ਪ ਧ ਨ੍ਹੀ ਨ੍ਹੀ ਧ ਪ, ਗ ਮ ਗ, ਰੇ – ਸਾ।

ਰਾਗ ਬਿਹਾਗੜਾ ਸੁਰ ਵਿਸਤਾਰ

1. ਨ਼ੀ ਸਾ, ਸਾ ਰੇ ਸਾ ਸਾ ਨ਼ੀ, ਸਾ ਨ਼ੀ ਪ਼, ਨ਼ੀ ਧ ਪ਼, ਧ ਗ਼ ਮ਼ ਗ਼, ਗ਼ ਮ਼ ਧ ਪ਼

ਨ਼ੀ ਧ ਪ਼ ਗ਼ ਮ਼ ਗ਼, ਗ਼ ਮ਼ ਪ਼ ਨ਼ੀ ਸਾ, ਪ਼ ਨ਼ੀ ਸਾ ਰੇ ਸਾਰੇ ਨ਼ੀ ਸਾ ਗ, ਗ ਮ ਪ

ਗ ਮ ਗ, ਰੇ ਸਾ, ਨ਼ੀ ਨ਼ੀ ਗ ਸਾ ।

2. ਰੇ ਰੇ ਸਾ ਨ਼ੀ ਸਾ ਸਾ ਗ ਗ ਮ, ਪ ਮ ਪ ਗ, ਮ ਗ, ਰੇ ਸਾ ਨ਼ੀ ਸਾ
ਗ ਗ ਮ, ਨ਼ੀ ਸਾ ਗ ਮ ਪ, ਗ ਮ ਗ, ਗ ਮ ਨ਼ੀ ਧ ਪ, ਗ ਮ ਗ,
ਨ਼ੀ ਸਾ ਗ ਮ ਪ, ਗ ਮ ਪ ਧ ਨ਼ੀ ਨ਼ੀ ਧ ਪ, ਧ ਗ ਮ ਗ,
ਗ ਮ ਧ ਪ ਨ਼ੀ ਧ ਪ,
ਗ ਮ ਪ ਨੀ, ਸਾं ਨੀ ਪ, ਨ਼ੀ ਧ ਪ, ਗ ਮ ਗ, ਨ਼ੀ ਸਾ ਗ ਮ ਪ ਮ, ਪ ਗ,
ਮ ਗ, ਰੇ ਸਾ, ਨ਼ੀ ਨ਼ੀ ਗ ਸਾ ।

3. ਨ਼ੀ ਸਾ ਗ ਮ ਪ ਗ ਮ ਪ ਨੀ, ਪ ਨ਼ੀ ਧ ਪ ਗ ਮ ਪ ਨੀ, ਗ ਮ ਪ ਸਾं ਨੀ,
ਪ ਨੀ ਸਾं ਰें ਨੀ ਸਾं ਨੀ, ਗ ਮ ਪ ਨੀ ਸਾं, ਨੀ ਸਾं, ਪ ਨੀ ਸਾं ਰें ਨੀ ਸਾं ਗं,
ਰें ਸਾं, ਨੀ ਸਾं ਗं ਗं ਮं, ਗं ਸਾं, ਗ ਮ ਪ ਨੀ, ਪ ਨੀ ਸਾं ਰें ਨੀ ਸਾं ਗं ਮं ਗं,

ਗं ਮं ਪं ਗं ਮं ਗं, ਰें ਸां, ਸांਰें ਸां ਸां ਨੀ, ਪ ਨ਼ੀ ਧ ਪ ਧ ਗ ਮ ਗ,
ਮ ਗ ਪ ਮ ਧ ਪ ਨ਼ੀ ਧ ਪ ਗ ਮ ਗ, ਪ ਮ ਪ ਗ, ਮ ਗ,
ਰੇ ਸਾ, ਨ਼ੀ ਨ਼ੀ ਗ ਸਾ ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਿਹਾਗੜਾ ਮਹਲਾ ੯ ॥

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥ ੧ ॥ ਰਹਾਉ ॥
ਛਿਨ ਮਹਿ ਰਾਉ ਰੰਕ ਕਉ ਕਰਈ
ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ
ਯਹ ਤਾ ਕੋ ਬਿਵਹਾਰੇ ॥ ੧ ॥
ਅਪਨੀ ਮਾਇਆ ਆਪਿ ਪਸਾਰੀ
ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ
ਸਭ ਤੇ ਰਹੈ ਨਿਆਰਾ ॥ ੨ ॥
ਅਗਨਤ ਅਪਾਰੁ ਅਲਖ ਨਿਰੰਜਨ
ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ
ਚਰਨਿ ਤਾਹਿ ਚਿਤੁ ਲਾਇਓ ॥ ੩ ॥ ੧ ॥

ਰਾਗ ਬਿਹਾਗੜਾ ਤਿੰਨਤਾਲ

ਸਥਾਈ :—

		ਸਾਰੇ ਨ਼ੀਸਾ ਮ ਗ	ਪ ਪ ਨੀ ਸਾਂ
		ਹਰ ਰਿਰ ਕੀ ਰ	ਗ ਤਿ ਨ ਹਿ
		0	3
ਨੀ – ਪ ਨ਼ੀ	ਧ ਪ ਗਮ ਗ	ਗ ਮ ਪਧ ਸਾਂ ਨ਼ੀ	ਧ ਪ – ਪ
ਕੋ ਰ ਉ ਰ	ਜਾ ਰ ਨੈਰ ਰ	ਜੋ ਰ ਗੀਰ ਰ	ਜ ਤਾਂ ਰ ਤ
×	2	0	3
ਪ ਧ ਗ ਮ	ਗ – ਰੇ ਸਾ –	ਸਾ ਨ਼ੀ ਪ ਨ਼ੀ	ਸਾ ਮ ਗ ਪ
ਪੀ ਰ ਪ ਚਿ	ਹਾ ਰਰ ਰੇ ਰ	ਅ ਰ ਬ ਹ	ਲੋ ਰ ਰ ਗ
×	2	0	3
ਸਾਂਰੇਂ ਸਾਂਨੀ ਧਪ ਗਮ	ਪਧ ਨ਼ੀਨ਼ੀ ਧਪ ਮਗ		
ਸਿਆ ਰਰ ਰਰ ਰਰ	ਨੈਰ ਰਰ ਰਰ ਰਰ		
×	2		

ਅੰਤਰਾ :—

		ਪ ਪ ਪ ਪ	ਸਾਂ – ਸਾਂ ਸਾਂ
		ਛਿ ਨ ਮ ਹਿ	ਰਾ ਰ ਉ ਰੰ
		0	3
– ਸਾਂ ਸਾਂ –	ਨੀ ਰੇਂ ਸਾਂ –	ਪ – ਨੀ ਸਾਂ	– ਨੀ ਰੇਂ ਸਾਂ
ਰ ਕ ਕਉ ਰ	ਕ ਰ ਈ ਰ	ਰਾ ਰ ਉ ਰੰ	ਰ ਕ ਕ ਰਿ
×	2	0	3
ਸਾਂਰੇਂ ਸਾਂਨੀ ਪ ਨੀ	ਧ ਪ ਗਮ ਗ	ਗ ਮ ਪਧ ਨ਼ੀ ਨ਼ੀ	ਧ ਪ – ਪ
ਡਾਰ ਰਰ ਰ ਰ	ਰੇ ਰ ਰਰ ਰ	ਰੀ ਰ ਤੇਰ ਰਰ	ਭ ਰੇ ਰ ਭ
×	2	0	3
ਪ ਧ ਗ ਮ	ਗ – ਰੇ ਸਾ –	ਸਾ ਨ਼ੀ ਪ ਨ਼ੀ	ਸਾ ਮ ਗ ਪ
ਰੇ ਰ ਸ ਖ	ਨਾ ਰਰ ਵੈ ਰ	ਯ ਹ ਤਾ ਰ	ਕੋ ਰ ਬਿ ਵ
×	2	0	3
ਸਾਂਰੇਂ ਸਾਂਨੀ ਪਧ ਗਮ	ਪਨ਼ੀ ਧਪ ਗਮ ਗ		
ਹਾਰ ਰਰ ਰਰ ਰਰ	ਰੇਰ ਰਰ ਰਰ ਰ		
×	2		

ਰਾਗ ਸੋਰਠਿ

ਸੰਖੇਪ ਪਰਿਚਯ

ਕੋਮਲ ਮਧਿਅਮ, ਦੋ ਨਿਸ਼ਾਦ ਆਰੋਹ ਵਿਚ ਗ ਧ ਨਾ ਲਗਾਓ ।
ਰਿਸ਼ਭ ਵਾਦੀ ਧੈਵਤ ਸੰਵਾਦੀ ਸੋਰਠ ਗੁਣੀ ਜਨ ਗਾਓ ।

ਸੋਰਠ, ਖਮਾਜ ਮੇਲ (ਥਾਟ) ਦੇ ਰਾਗਾਂ ਵਿਚੋਂ ਇਕ ਅਤਿ ਮਧੁਰ ਰਾਗ ਹੈ। ਇਸ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ ਤੀਬਰ ਅਤੇ ਨਿਸ਼ਾਦ ਦੋਵੇਂ ਲਗਦੇ ਹਨ। ਇਸ ਦੇ ਆਰੋਹ ਵਿਚ ਕੋਮਲ ਨਿਸ਼ਾਦ ਲਿਆ ਜਾਂਦਾ ਹੈ। ਸੋਰਠ ਵਿਚ ਗ੍ਰਹ ਸੁਰ ਮੱਧਿਅਮ ਅਤੇ ਨਿਆਸ ਸੁਰ ਰਿਸ਼ਭ ਮੰਨਿਆ ਜਾਂਦਾ ਹੈ। ਸੋਰਠ ਵਿਚ ਗੰਧਾਰ ਸੁਰ ਦੀ ਹੋਂਦ ਨਹੀਂ ਦੇ ਹੀ ਸਮਾਨ ਹੈ। ਕਈ ਕਲਾਕਾਰ ਗੰਧਾਰ ਦੀ ਵਰਤੋਂ ਸਪੱਸ਼ਟ ਤੌਰ ਤੇ ਕਰਦੇ ਹਨ ਅਤੇ ਕਈ ਗੁਪਤ ਢੰਗ ਨਾਲ। "ਮ ਰੇ ਸਾ" ਸੁਰ ਸੰਗਤਿ ਲੈਣ ਵੇਲੇ ਗੰਧਾਰ ਦਾ ਸਪਰਸ਼ ਹੋ ਹੀ ਜਾਂਦਾ ਹੈ। ਪ੍ਰਾਚੀਨ ਸੰਸਕ੍ਰਿਤ ਗ੍ਰੰਥਕਾਰ ਸੋਰਠ ਦਾ ਆਰੋਹ-ਅਵਰੋਹ ਸੰਪੂਰਣ ਸਵੀਕਾਰਦੇ ਹਨ ਪਰੰਤੂ ਆਧੁਨਿਕ ਗਾਇਕ ਗੰਧਾਰ ਸੁਰ ਨੂੰ ਵਰਜਿਤ ਹੀ ਕਰਦੇ ਹਨ ਜਾਂ ਗੁਪਤ ਢੰਗ ਨਾਲ ਮੀਂਡ ਦੁਆਰਾ ਲੈਂਦੇ ਹਨ। ਅਸਾਡਾ ਵਿਚਾਰ ਹੈ ਕਿ ਸੋਰਠ ਵਿਚ ਗੰਧਾਰ ਦਾ ਤਿਆਗ ਹੀ ਕਰਨਾ ਉਚਿੱਤ ਹੈ ਤਾਂ ਜੋ ਇਹ ਆਪਣੇ ਅਤਿ ਨਿਕਟ ਵਰਤੀ ਰਾਗ ਦੇਸ਼ ਨਾਲੋਂ ਸਹਿਜੇ ਹੀ ਵੱਖ ਰਖਿਆ ਜਾ ਸਕੇ। "ਮ ਰੇ" ਸੁਰਾਂ ਦੀ ਮੀਂਡ ਵਿਚ ਹੀ ਇਸ ਰਾਗ ਦੀ ਸਾਰੀ ਸੁੰਦਰਤਾ ਦਾ ਰਹੱਸ ਛੁਪਿਆ ਹੋਇਆ ਹੈ। ਸੋਰਠ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਦੋਵੇਂ ਸੁਰ ਵਰਜਿਤ ਹਨ ਇਸ ਕਾਰਣ ਇਸ ਦੀ ਜਾਤੀ ਔਡਵ-ਸ਼ਾਡਵ ਹੈ। ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਸੁਰ ਧੈਵਤ ਹੈ। ਇਸ ਦੇ ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ। ਇਹ ਪੂਰਵਾਂਗ ਵਾਦੀ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਵਿਦਵਾਨਾਂ ਨੇ ਸੋਰਠ ਨੂੰ ਗੰਭੀਰ ਪ੍ਰਕ੍ਰਿਤੀ ਦਾ ਰਾਗ ਮੰਨਿਆ ਹੈ। ਸੋਰਠ ਅਤੇ ਦੇਸ਼ ਦੇ ਕਈ ਸਥਾਨਾਂ ਤੇ ਮੁਹਾਂਦਰੇ ਰਲ ਮਿਲ ਜਾਂਦੇ ਹਨ ਪਰੰਤੂ "ਧ ਮ ਰੇ" ਸੁਰ ਸੰਗਤਿ ਦੁਆਰਾ ਸੋਰਠ ਬੜੀ ਸੌਖੀ ਤਰ੍ਹਾਂ ਦੇਸ਼ ਨਾਲੋਂ ਨਿੱਖੜ ਜਾਂਦਾ ਹੈ।

ਕਈ ਗ੍ਰੰਥਕਾਰਾਂ ਨੇ ਸੋਰਠ ਨੂੰ ਰਾਗਣੀ ਮੰਨਿਆ ਹੈ ਪਰ ਗੁਰਮਤਿ ਸੰਗੀਤ ਪ੍ਰਥਾ ਵਿਚ ਇਸ ਨੂੰ ਰਾਗ ਹੀ ਮੰਨਿਆ ਗਿਆ ਹੈ, ਰਾਗਣੀ ਨਹੀਂ।

ਆਰੋਹ :--ਸਾ ਰੇ, ਮ ਪ, ਨੀ ਸਾਂ

ਅਵਰੋਹ :— ਰੇਂ, ਨ਼ੀ ਧ, ਮ ਪ ਧ, ਮ ਰੇ, ਨ਼ੀ ਸਾ।

ਮੁੱਖ ਅੰਗ :—ਸ, ਮਰ, ਮਪਧਮਰ, ਨ਼ੀ ਸਾ।

ਰਾਗ ਸੋਰਠਿ ਸੁਰ ਵਿਸਤਾਰ

1. ਨ਼ੀ ਸਾ, ਨ਼ੀ ਸਾ, ਰੇ ਨ਼ੀ ਧ ਪ, ਧ ਮ ਰੇ, ਮ ਪ ਨ਼ੀ ਧ ਪ, ਮ ਪ ਨ਼ੀ ਨ਼ੀ

ਸਾ, ਨ਼ੀ ਸਾ ਰੇ ਮ ਰੇ, ਸਾ ਸਾ, ਰੇ ਰੇ ਮ ਪ, ਮ ਰੇ, ਪ ਮ ਰੇ, ਮ ਪ ਧ
ਪ ਧ ਮ ਰੇ, ਰੇ ਮ ਰੇ ਪ ਮ ਰੇ, ਸਾ, ਨ਼ੀ ਨ਼ੀ ਰੇ ਮ ਰੇ ।

2. ਸਾ ਸਾ, ਰੇ ਰੇ ਮ ਪ, ਮ ਪ ਧ ਮ ਰੇ. ਰੇ ਪ, ਮ ਪ ਧ ਮ ਰੇ, ਨ਼ੀ ਧ ਪ ਧ
ਮ ਪ ਧ ਮ ਰੇ, ਰੇ ਰੇ ਮ ਪ, ਰੇ ਮ ਪ ਧ ਮ ਪ ਨ਼ੀ ਨ਼ੀ, ਸਾਂ, ਨ਼ੀ ਸਾਂ ਨ਼ੀ ਸਾਂ,
ਪ ਧ ਮ ਪ ਨ਼ੀ ਨ਼ੀ ਸਾਂ, ਨ਼ੀ ਸਾਂ ਰੇਂ ਨ਼ੀ ਧ ਪ, ਧ ਮ ਰੇ. ਨ਼ੀ ਨ਼ੀ ਸਾ. ਨ਼ੀ ਨ਼ੀ
ਰੇ ਮ ਰੇ ।

3. ਸਾ ਰੇ ਮ ਰੇ, ਮ ਪ ਧ ਪ, ਧ ਮ ਰੇ, ਮ ਪ ਨ਼ੀ ਨ਼ੀ ਸਾਂ,
ਪ ਧ ਮ ਪ ਨ਼ੀ ਸਾਂ ਰੇਂ, ਰੇਂ ਨ਼ੀ ਧ ਪ, ਪ ਮ ਧ ਪ ਸਾਂ ਨ਼ੀ ਰੇਂ ਸਾਂ ਨ਼ੀ ਸਾਂ ਰੇਂ,
ਨ਼ੀ ਸਾਂ ਰੇਂ ਰੇਂ ਸਾਂ, ਮੰ ਰੇਂ ਸਾਂ, ਰੇਂ ਰੇਂ ਮੰ ਪੰ, ਮੰ ਰੇਂ, ਪੰ ਮੰ ਰੇਂ
ਨ਼ੀ ਸਾਂ ਰੇਂ ਨ਼ੀ ਸਾ ਰੇਂ ਨ਼ੀ ਧ, ਮ ਰੇ. ਰੇ ਮ ਮ ਪ ਮ ਨ਼ੀ ਨ਼ੀ ਸਾਂ ਰੇਂ ਨ਼ੀ ਧ ਪ
ਧ ਮ ਰੇ, ਪ ਮ ਰੇ, ਨ਼ੀ ਨ਼ੀ ਸਾ, ਨ਼ੀ ਨ਼ੀ ਰੇ ਮ ਰੇ ।

ੴ ਸਤਿਗੁਰ ਪ੍ਰਸਾਦਿ ॥

ਸੋਰਠਿ ਮਹਲਾ ੯ ॥

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥ ੧ ॥ ਰਹਾਉ ॥
ਕਰਿ ਸਾਧ ਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥ ੧ ॥
ਆਜੁ ਕਾਲਿ ਫੁਨਿ ਤੰਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ
ਜਾਤ ਅਉਸਰੁ ਬੀਤਿ ॥ ੨ ॥ ੧ ॥

ਰਾਗ ਸੋਰਠ ਤਿੰਨਤਾਲ

ਸਥਾਈ :—

			ਮ ਰੇ ਮ ਪ
			ਰੇ ਸ ਮ ਨ
			3
ਨੀ ਸਾਂ – ਸਾਂ	ਨੀਸਾਂ ਰੇਂ ਸਾਂ ਸਾਂ ਰੇਂ	ਨ੍ਹੀ – ਧਪ ਧ	– ਪਪ ਪ ਪ
ਰਾ ਸ ਸ ਮ	ਸਿਉ ਸ ਕ ਰਿ ਸ	ਪ੍ਰੀ ਸ ਸ ਤਿ	ਸ ਸੁ ਵ ਨ
×	2	0	3
			ਮ
ਧਪ ਧ ਮ ਮ	– ਮਰੇ ਰੇ ਪ	ਮ – ਰੇ ਨ੍ਹੀ ਸਾ	ਰੇ ਮ ਪ ਨੀ
ਗੋ ss ਬਿੰ ਦ	ਗੁਣ ਨ ਸੁ	ਨਉ ss ਅ ਰੁ	ਗਾ ਸ ਸ ਉ
×	2	0	3
ਸਾਂ ਨੀ ਸਾਂ –	ਪਧ ਮਪ ਨੀਸਾਂ ਰੇਂ	ਨ੍ਹੀ ਧ ਪ ਧ	
ਹ ਸ ਨਾ ਸ	ਗੀਤ ss ss ਸ	ਸ ਸ ਸ ਤਿ	
×	2	0	
		ਅੰਤਰਾ :—	ਮ ਮ ਮ ਮ
			ਕ ਰਿ ਸਾ ਧ
			3
ਪ – ਨੀ ਨੀ	– ਸਾਂ ਸਾਂ ਨੀ	ਸਾਂ – ਸਾਂ –	– ਨੀ – ਨੀ
ਸੌ ਸ ਗ ਤਿ	ਸ ਸਿ ਮ ਰੁ	ਮਾ ਸ ਧੋ ਸ	ਸ ਹੋ ਸ ਹਿ
×	2	0	3
			ਮ
ਸਾਂ ਨੀ ਸਾਂ ਸਾਂ	ਪਨੀ ਸਾਂਰੇਂ ਸਾਂ ਰੇਂ	ਨ੍ਹੀ ਨ੍ਹੀ ਧ ਪ	ਰੇ – ਮ ਪ
ਪ ਤਿ ਤ ਪੁ	ਨੀਤ ss ਸ ਸ	ਸ ਸ ਸ ਤ	ਕਾ ਸ ਲੂ ਬਿਆ
×	2	0	3
– ਨ੍ਹੀ ਧ ਪ	ਮ ਪ ਧਪ ਧ	ਮ – ਮ ਰੇ	– ਮ ਪ ਪ
ਸ ਲੂ ਜਿਉ ਸ	ਪ ਰਿ ਓਤ ਸ	ਡੋ ਸ ਲੈ ਸ	ਸ ਮੁ ਖੁ ਪ
×	2	0	3
ਨੀ – ਸਾਂ –	ਪਧ ਮਪ ਨੀਸਾਂ ਰੇਂ	ਨ੍ਹੀ ਧ ਪ ਧ	
ਸਾ ਸ ਰੇ ਸ	ਮੀਤ ss ss . ਸ	ਸ ਸ ਸ ਤ	
×	2	0	

ਸੋਰਠਿ ਮਹਲਾ ੯ ॥

ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ
ਚੋਟੀ ਕਾਲਿ ਗਹੀ ॥ ੧ ॥ ਰਹਾਉ ॥
ਦਾਰਾ ਮੀਤ ਪੂਤ ਰਥ ਸੰਪਤਿ
ਧਨ ਪੂਰਨ ਸਭ ਮਹੀ ॥
ਅਵਰ ਸਗਲ ਮਿਥਿਆ ਏ ਜਾਨਉ
ਭਜਨੁ ਰਾਮੁ ਕੋ ਸਹੀ ॥ ੧ ॥
ਫਿਰਤ ਫਿਰਤ ਬਹੁਤੇ ਜੁਗ ਹਾਰਿਓ
ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ
ਸਿਮਰਤ ਕਹਾ ਨਹੀ ॥ ੨ ॥ ੨ ॥

ਰਾਗ ਸੋਰਠਿ ਤਿੰਨਤਾਲ

ਸਥਾਈ :—

	ਨੀ ਨੀ ਨੀਸਾਂ ਰੇਂ	ਨ੍ਹੀ ਨ੍ਹੀ ਧਪ ਧ	ਮ ਰੇ ਨ੍ਹੀ ਸਾ
	ਮ ਨ ਕੀ ੩ ੩	ਮ ਨ ਹੀ ੩ ੩	ਮਾ ੩ ਹਿ ਰ
	2	0	3
ਰੇ ਮ ਰੇ –,	ਸਾ ਰੇ ਨ੍ਹੀ ਸਾ	ਨ੍ਹੀ – ਸਾ ਸਾ	ਮ ਰੇ ਮ ਮ ਰੇ
ਹੀ ੩ ੩ ੩,	੩ ੩ ੩ ੩	ਨਾ ੩ ਹ ਰਿ	ਭ ਜੇ ੩ ਨ
×	2	0	3
ਰੇਮ ਪਧ ਪ ਧ	ਮ – ਰੇ –	ਮ ਰੇ ਮ ਪ	ਨੀ – ਸਾਂ ਸਾਂ
ਤੀੜ ੩੩ ਰ ਥ	ਸੇ ੩ ਵੇ ੩	ਚੋ ੩ ਟੀ ੩	ਕਾ ੩ ਲਿ ਗ
×	2	0	3
ਨੀਸਾਂ ਰੇਂ ਨ੍ਹੀ ਧਪ			
ਹੀੜ ੩ ੩ ੩੩			
×			

ਅੰਤਰਾ :—

		ਪ	ਧ ਸਾਂ
		ਮ – ਮ –	ਪ – ਪ ਨੀ
		ਦਾ ੩ ਰਾ ੩	ਮੀ ੩ ਤ ਪ੍ਰ
		0	2
– ਨੀ ਸਾਂ ਨੀ	ਸਾਂ – ਸਾਂ ਸਾਂ	ਨੀ ਨੀ ਨੀ –	ਸਾਂ ਨੀ ਸਾਂ ਸਾਂ
੩ ਤ ਰ ਥ	ਸੰ ੩ ਪ ਤਿ	ਧ ਨ ਪ੍ਰ ੩	ਰ ਨ ਸ ਭ
×	2	0	3
		ਮ	
ਨੀ ਸਾਂ ਨੀਸਾਂ ਰੇਂ	ਨ੍ਹੀ ਨ੍ਹੀ ਧ ਪ	ਰੇ ਰੇ ਮ ਮ	ਪ ਪ ਪ ਪ
ਮ ਹੀ ੩੩ ੩	੩ ੩ ੩ ੩	ਅ ਵ ਰ ਸ	ਗ ਲ ਮਿ ਥਿ
×	2	0	3
ਮਪ ਧ ਪ ਧ	ਮ – ਮ ਰੇ	ਮ ਪ ਪ ਨੀ	ਸਾਂ ਨੀ ਸਾਂ – ਸਾਂ
ਆੜ ੩ ਏ ੩	ਜਾ ੩ ਨਉ ੩	ਭ ਜੁ ਨ ਰਾ	੩ ਮੁ ਕੋ ੩ ਸ
×	2	0	3
ਨੀਸਾਂ ਰੇਂ ਨ੍ਹੀਨ੍ਹੀ ਧਪ			
ਹੀ ੩ ੩੩ ੩੩			
×			

ਸੋਰਠਿ ਮਹਲਾ ੯ ॥

ਮਨ ਰੇ ਕਉਨੁ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹੀ ਕੀਨੀ ॥ ੧ ॥ ਰਹਾਉ ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ ॥
ਅੰਤਿ ਸੰਗ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ ॥ ੧ ॥
ਨਾ ਹਰਿ ਭਜਿਓ ਨਾ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥
ਘਟਿ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥ ੨ ॥
ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ ॥ ੨ ॥ ੩ ॥

ਰਾਗ ਸੋਰਠਿ ਤਿੰਨਤਾਲ

ਸਥਾਈ :—

			ਮ ਰੇ ਰੇ ਮ ਪ ਮ ਨ ਰੇ ਸ 3
ਨੀ – ਸਾਂ ਸਾਂ	ਨੀ ਸਾਂ ਨੀਸਾਂ ਰੇਂ	ਨ੍ਹੀ ਧ ਪ ਧ	– ਮ ਮ ਮ
ਕਉ ਸ ਨ੍ਹ ਕ੍ਹ	ਮ ਤਿ ਤੈਸ ਸ	ਲੀ ਸ ਨੀ ਸ	ਸ ਪ ਰ ਦਾ
×	2	0	×
ਮਪ ਨ੍ਹੀ ਧ ਪ	ਧਪ ਧ (ਮ) ਮ	ਮ ਰੇ ਨ੍ਹੀ ਸਾ	ਸਾਰੇ ਮਰੇ ਮ ਪ
ਰਾਸ ਸ ਨਿੰ ਸ	ਦਿਆ ਸ ਰ ਸ	ਰ ਚ੍ਹਿ ਓ ਸ	ਰਾਸ ਸਸ ਮ ਭ
×	2	0	3
ਨੀ ਨੀ ਸਾਂ ਸਾਂ	ਨ੍ਹੀਧ ਪਧ ਮਪ ਨੀਸਾਂ	ਰੇਂ ਸਾਂਰੇਂ ਨ੍ਹੀਧ ਪਧ	
ਗ ਤਿ ਨ ਹੀ	ਕੀਸ ਸਸ ਸਸ ਸਸ	ਨੀ ਸਸ ਸਸ ਸਸ	
×	2	0	
	ਅੰਤਰਾ :—		ਮ ਮ ਪ ਨੀ ਮ੍ਹ ਕ ਤਿ ਪੈ 3
– ਨੀ ਨੀ –	ਸਾਂ – ਸਾਂ –	ਨੀਸਾਂ ਰੇਂ ਰੇਂ ਰੇਂ	ਨੀ ਸਾਂ ਰੇਂ ਮੰ
ਸ ਥ੍ਹ ਜਾ	ਨਿਓ ਸ ਤੈ ਸ	ਨਾਸ ਸ ਹ ਨਿ	ਧ ਨ ਜੋ ਸ
×	2	0	3
ਮੰ ਰੇਂ ਨੀ ਸਾਂ	ਨੀਸਾਂ ਰੇਂ ਸਾਂ ਰੇ'	ਨ੍ਹੀ ਧ ਪ –	ਧ – ਪ ਮ
ਰ ਨ ਕਉ ਸ	ਧਾਸ ਸ ਸ ਸ	ਇਆ ਸ ਸ ਸ	ਅੰ ਸ ਤਿ ਸੰ
×	2	0	3
– ਪ ਮਪ ਸਾਂ	ਨ੍ਹੀ ਧ ਪ ਧ	ਮ – ਮ ਰੇ	ਰੇਂ ਮੰ ਰੇਂ –
ਸ ਗ ਕਾਸ ਸ	ਹ੍ਹ ਸ ਨ ਹੀ	ਦੀ ਸ ਨਾ ਸ	ਬਿ ਰ ਥਾ ਸ
×	2	0	3
ਸਾਂ ਰੇਂ ਨੀ ਸਾਂ	ਮਪ ਨੀਸਾਂ ਰੇਂਸਾਂ ਨੀਸਾਂ	ਨ੍ਹੀਧ ਪਧ ਮਮ ਰੇ	
ਆ ਸ ਪ੍ਹ ਬੰ	ਧਾਸ ਸਸ ਸਸ ਸਸ	ਇਆ ਸਸ ਸਸ ਸ	
×	2	0	

ਸੋਰਠਿ ਮਹਲਾ ੯ ॥

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਰਧਾਰੋ ॥ ੧ ॥ ਰਹਾਉ ॥
ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥ ੧ ॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥ ੨ ॥
ਅਜਾਮਲੁ ਪਾਪੀ ਜਗੁ ਜਾਨੈ
ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ
ਤੈ ਭੀ ਉਤਰਹਿ ਪਾਰਾ ॥ ੩ ॥ ੪ ॥

ਰਾਗ ਸੋਰਠਿ ਤਾਲ ਰੂਪਕ

ਸਥਾਈ :—

ਨ਼ੀ ਸਾ ਰੇ	– ਮ	ਰੇ ਪ	ਮ ਰੇ ਨ਼ੀ	ਨ਼ੀ ਸਾ	– ਸਾ
ਮ ਨ ਰੇ	ਸ ਪ	ਭ ਕੀ	ਸ ਰ ਨਿ	ਬਿ ਚਾ	ਸ ਰੇ
⊗	2	3	⊗	2	0
ਰੇਰੇ ਮ ਮ	ਪ ਪ	ਪ ਪ	ਧਪ ਧ ਮ	ਮ ਮ	ਮ ਰੇ
ਜਿਹ ਸਿ ਮ	ਰ ਤ	ਗ ਨ	ਕਾਸ ਸ ਸੀ	ਉ ਧ	ਰੀ ਸ
⊗	2	3	⊗	2	03
ਮ ਪ ਪ	ਨ਼ੀ ਨ਼ੀ	ਸਾਂ ਸਾਂ	ਨ਼ੀਸਾਂ ਰੇਂ ਨ਼ੀਧ	ਪਧ ਮਪ	ਧਮ ਰੇ
ਤਾ ਸ ਕੋ	ਜ ਸੁ	ਉ ਰ	ਧਾਸ ਸ ਸਸ	ਰੇਂਸ ਸਸ	ਸਸ ਸ
⊗	2	3	⊗	2	3
		ਅੰਤਰਾ :–			
ਮਮ ਰੇ ਮ	ਪ –	ਨ਼ੀ ਨ਼ੀ	ਸਾਂ – ਨ਼ੀ	ਸਾਂ ਸਾਂ	ਸਾਂ ਸਾਂ
ਅਟ ਲ ਭ	ਇਓ ਸ	ਧ੍ਰੂ ਅ	ਜਾ ਸ ਕੋ	ਸਿ ਮ	ਰ ਨਿ
⊗	2	3	⊗	2	3
ਪਪ ਨ਼ੀ ਨ਼ੀ	ਸਾਂ –	ਰੇਂ ਰੇਂ	ਪਨ਼ੀ ਸਾਂਰੇਂ ਸਾਂਰੇਂ	ਨ਼ੀ ਧ	ਪ ਧ
ਅਰੁ ਨਿ ਰ	ਭੈ ਸ	ਪ ਦ੍ਰ	ਪਾਸ ਸਸ ਸਸ	ਇਆ ਸ	ਸ ਸ
⊗	2	3	⊗	2	3
ਮਰੇ ਮ ਪ	ਧਪ ਸਾਂਨ਼ੀ	ਧ ਪ	ਧ ਪ ਧ	ਮ –	ਮ ਰੇ
ਦੁਖ ਹ ਰ	ਤਾਸ ਸਸ	ਇ ਹ	ਬਿ ਧਿ ਕੋ	ਸੁਆ ਸ	ਮੀ ਸ
⊗	2	3	⊗	2	3
ਨ਼ੀ – ਨ਼ੀ	ਸਾਂ ਨ਼ੀ	ਸਾਂ ਸਾਂ	ਪਨ਼ੀ ਸਾਂਰੇਂ ਨ਼ੀਧ	ਪਧ ਮਮ	ਰੇਸਾ ਨ਼ੀਸਾ
ਤੇ ਸ ਕਾ	ਹੇ ਸ	ਬਿ ਸ	ਰਾਸ ਸਸ ਸਸ	ਇਆ ਸਸ	ਸਸ ਸਸ
⊗	2	3	⊗	2	3

ਸੋਰਠਿ ਮਹਲਾ ੯ ॥

ਪ੍ਰਾਨੀ ਕਉਨੁ ਉਪਾਉ ਕਰੈ ॥
ਜਾ ਤੇ ਭਗਤਿ ਰਾਮ ਕੀ ਪਾਵੈ
ਜਮ ਕੋ ਤ੍ਰਾਸੁ ਹਰੈ ॥ ੧ ॥ ਰਹਾਉ ॥
ਕਉਨੁ ਕਰਮ ਬਿਦਿਆ ਕਹੁ ਕੈਸੀ
ਧਰਮੁ ਕਉਨੁ ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ
ਭਵ ਸਾਗਰ ਕਉ ਤਰਈ ॥ ੧ ॥
ਕਲ ਮੈ ਏਕੁ ਨਾਮੁ ਕਿਰਪਾ ਨਿਧਿ
ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮਿ ਨਾਹਿਨ
ਇਹ ਬਿਧਿ ਬੇਦੁ ਬਤਾਵੈ ॥ ੨ ॥
ਸੁਖੁ ਦੁਖੁ ਰਹਤ ਸਦਾ ਨਿਰਲੇਪੀ
ਜਾ ਕਉ ਕਹਤ ਗੁਸਾਈ ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ
ਨਾਨਕ ਦਰਪਨਿ ਨਿਆਈ ॥ ੩ ॥ ੫ ॥

ਰਾਗ ਸੋਰਠਿ ਤਾਲ ਰਪਕ

ਸਥਾਈ :—

ਨੀ – ਨੀ	ਸਾं ਨੀ	ਸां ਸां	ਪਨੀ ਸਾਰें ਸਾंਰें	ਨ੍ਹੀ –	ਧ ਪ
ਪ੍ਰਾ ਨੀ	ਕਉ ऽ	ਨ੍ਹ ਉ	ਪਾऽ ਉऽ ਕऽ	ਰੈ ऽ	ऽ ऽ
⊗	2	2	⊗	2	3
ਨ੍ਹੀ ਧ ਪ	ਧ ਮ	ਮ ਪ	ਮਪ ਧ ਮ	ਮ –	ਮ ਰे
ਜਾ ऽ ਤे	ऽ ਭ	ਗ ਤਿ	ਰਾ ਮ ਕੀ	ਪਾ ऽ	ਵੈ ऽ
⊗	2	3	⊗	2	3
ਨ੍ਹੀਸਾ ਰे ਮ	ਪ –	ਨੀ ਨੀ	ਸां – ਪਨੀ	ਸांरें ਨ੍ਹੀਧ	ਪਧ ਮਪ
ਜऽ ਮ ਕੋ	ਤ੍ਰਾ ऽ	ਸ੍ਰ ਹ	ਰੈ ऽ ऽऽ	ऽऽ ऽऽ	ऽऽ ऽऽ
⊗	2	3	⊗	2	3

ਅੰਤਰਾ :–

ਮ ਰे ਮ	ਪ ਪ	ਨੀ ਨੀ	ਸां – ਨੀ	ਸां –	ਸां –
ਕਉ ਨ੍ਹ ਕ	ਰ ਮ	ਬਿ ਦਿ	ਆ ऽ ਕਹੁ	ਕੈ ऽ	ਸੀ ऽ
⊗	2	3	⊗	2	3
ਪ ਨੀ ਨੀ	ਸां ਨੀ	ਸां ਸां	ਨੀ ਸां ਰें	ਨ੍ਹੀ ਨ੍ਹੀ	ਧ ਪ
ਧ ਰ ਮ	ਕਉ ਨ੍ਹ	ਫ੍ਹ ਨਿ	ਕ ਰ ਈ	ऽ ऽ	ऽ ऽ
⊗	2	3	⊗	2	3
ਧ ਮ ਪ	ਰेਮ ਪਨ੍ਹੀ	ਧ ਪ	ਧ ਮ ਮ	ਮ ਰे	ਨ੍ਹੀ ਸਾ
ਕਉ ऽ ਨ੍ਹ	ਨ੍ਹाऽ ਮ੍ਹ	ਗ੍ਰ ਰ	ਜਾ ऽ ਕੈ	ਸਿ ਮ	ਰੈ ऽ
⊗	2	3	⊗	2	3
ਰे ਮ ਮ	ਪ ਪ	ਨੀ –	ਨੀ ਨੀ ਸां	ਨ੍ਹीसां ਰे ਨ੍ਹी	ਧ ਪ
ਭ ਵ ਸਾ	ਗ ਰ	ਕਉ ऽ	ਤ ਰ ਈ	ऽऽ ऽऽ	ऽ ऽ
⊗	2	3	⊗	2	3

ਸੋਰਠਿ ਮਹਲਾ ੯ ॥

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥
ਮਹਾ ਮੋਹ ਅਗਿਆਨਿ ਤਿਮਰਿ ਮੋ
ਮਨੁ ਰਹਿਓ ਉਰਝਾਈ ॥ ੧ ॥ ਰਹਾਉ ॥
ਸਗਲ ਜਨਮ ਭਰਮ ਹੀ ਭਰਮ ਖੋਇਓ
ਨਹ ਅਸਥਿਰੁ ਮਤਿ ਪਾਈ ॥
ਬਿਖਿਆ ਸਕਤ ਰਹਿਓ ਨਿਸ ਬਾਸੁਰ
ਨਹ ਛੂਟੀ ਅਧਮਾਈ ॥ ੧ ॥
ਸਾਧਸੰਗੁ ਕਬਹੂ ਨਹੀ ਕੀਨਾ
ਨਹ ਕੀਰਤਿ ਪ੍ਰਭ ਗਾਈ ॥
ਜਨ ਨਾਨਕ ਮੈ ਨਾਹਿ ਕੋਊ ਗੁਨੁ
ਰਾਖਿ ਲੇਹੁ ਸਰਨਾਈ ॥ ੨ ॥ ੬ ॥

ਰਾਗ ਸੋਰਠਿ ਤਿੰਨਤਾਲ

ਸਥਾਈ :—	— ਮਪ ਨੀਸਾਂ ਰੇ॑	ਨ੍ਰੀ ਧ ਪ ਧ	ਮ ਮਰੇ ਨ੍ਰੀ ਸਾ
	਽ ਮਾ॑ ਈ॑ ਮੰ	ਕਿ ਹਿ ਬਿ ਧਿ	ਲ ਖਉ ਽ ਗੁ
	2	0	3
ਰੇ ਮ ਮ ਰੇ	— ਸਾ ਨ੍ਰੀ ਸਾ	ਨ੍ਰੀਸਾ ਰੇਮ ਮ ਰੇ	ਨ੍ਰੀਸਾ ਰੇ ਸਾ ਰੇ
ਸਾ ਽ ਈ ਽	਽ ਮ ਹਾ ਽	ਮੋ ਽ ਽ਹ ਅ ਗਿ	ਆ ਽ ਽ ਨਿ ਤਿ
×	2	0	3
ਨ੍ਰੀ ਨ੍ਰੀ ਧ ਪ	— ਨ੍ਰੀ ਸਾ ਸਾ	ਰੇਮ ਪਧ ਮ ਪ	ਮਪ ਨੀਸਾਂ ਰੇ॑ਸਾ ਨੀਸਾਂ
ਮ ਰਿ ਮੋ ਽	਽ ਮ ਨ ਰ	ਹਿਓ ਽਽ ਉ ਰ	ਝਾ॑਽ ਽਽ ਽਽ ਽਽
×	2	0	3

ਰੇ॑ ਰੇ॑ ਨੀਧ ਪਧ ਮਮ	ਰੇ		
ਈਓ ऽऽ ऽऽ ऽऽ	ऽ		
×			
		ਅੰਤਰਾ :—	
		ਮ ਮ ਮ ਮ	ਪ ਪ ਨੀ ਨੀ ਨੀ
		ਸ ਗ ਲ ਜ	ਨ ਮ ਭਰ ਮ
		0	3
ਸਾਂ — ਸਾਂ ਸਾਂ ਸਾਂ	ਸਾਂਰੇ॑ ਨੀ ਸਾਂ —	ਨੀ ਸਾਂ ਰੇ॑ ਮं	ਮं ਰੇ॑ ਨੀ ਸਾਂ
ਹੀ ऽ ਭਰ ਮ	ਖੋ ऽ ऽ ਇਓ ऽ	ਨ ਹ ਅ ਸ	ਥਿ ਰੁ ਮ ਤਿ
×	2	0	3
ਪਨੀ ਸਾਂਰੇ॑ ਸਾं ਰे॑	ਨੀ ਧ ਪ —	— ਧ ਮ ਪ	ਪ ਰे॑ ਸा ਰे॑
ਪਾऽ ऽऽ ऽऽ	ਈ ऽ ऽ ऽ	ऽ ਬि ਖि ਆ	ਸ ਕ ਤ ਰ
×	2	0	3
ਨੀ ਧ ਪਧ ਮਪ	ਧ ਮ ਮ ਰे	ਰे ਰे ਮ ਪ	ਨੀ — ਸां ਸां
ਹਿਓ ऽ ਨिऽ ਸऽ	ਬा ऽ ਸु ਰ	ਨ ਹ ਛू ऽ	ਟी ऽ ਅ ਧ
×	2	0	3
ਪ ਮ ਧਪ ਸंਨी ਰे॑	ਨीਧ		
ਮाऽ ऽऽ ऽऽ ऽ	ਈ ऽ		
×	2		

ਸੋਰਠਿ ਮਹਲਾ ੯ ॥

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ ॥ ੧ ॥ ਰਹਾਉ ॥
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ
ਨਿਮਖ ਨਾ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ ॥ ੧ ॥
ਮਦਿ ਮਾਇਆ ਕੇ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ ॥ ੨ ॥
ਜਬ ਹੀ ਸਰਨਿ ਸਾਧ ਕੀ ਆਇਓ
ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ
ਕਾਟੀ ਜਮ ਕੀ ਫਾਸੀ ॥ ੩ ॥ ੭ ॥

ਰਾਗ ਸੋਰਠਿ ਤਿੰਨਤਾਲ

ਸਥਾਈ :—

	ਮਪ ਨੀਸਾਂ ਪਨੀ ਸਾਂਰੇਂ	ਨ੍ਹੀ ਧ ਪ ਧ	ਮ ਰੇ ਨ੍ਹੀ ਸ
	ਮਾ ੩ ੩ ੩ ੩	ਮ ਨ੍ਹ ਮੇ ੩	ਰੋ ੩ ਬ ਸਿ
	2	0	3
ਮ — ਮ ਰੇ	— — — —	ਰੇ ਰੇ ਮ —	ਪ ਪ ਪ ਪ
ਨਾ ੩ ੩ ਹਿ	੩ ੩ ੩ ੩	ਨਿ ਸ ਬਾ ੩	ਸੁ ਰ ਬਿ ਖਿ
×	2	0	3
ਧਪ ਧ ਮ —	ਮ ਰੇ ਨ੍ਹੀ ਸਾ	ਮ ਰੇ ਮ ਪ	ਨ੍ਹੀ — ਸਾਂ —
ਅੰ ੩ ਨਕਉ ੩	ਧਾ ੩ ਵ ਤ	ਕਿ ਹਿ ਬਿ ਧਿ	ਰੋ ੩ ਕਉ ੩
×	2	0	3
ਨੀਸਾਂ ਰੇਂ ਰੇਂ ਨ੍ਹੀ ਨ੍ਹੀ ਧਪ			
ਤਾ ੩ ੩ ੩ ੩ ਹਿ ੩			
×			
	ਅੰਤਰਾ :—	ਮ — ਰੇ ਮ	ਪ — ਨੀ ਨੀ
		ਬੇ ੩ ਦ ਪੁ	ਰਾ ੩ ਨ ਸਿ
		0	3
ਸਾਂ ਸਾਂ ਸਾਂ —	ਸਾਂ ਸਾਂ ਸਾਂ ਸਾਂ	ਨੀ ਨੀ ਨੀ ਨੀ	ਸਾਂ ਸਾਂ — ਪ
ਮ੍ਰਿ ਤਿ ਕੇ ੩	ਮ ਤ ਸੁ ਨਿ	ਨਿ ਮ ਖ ਨਾ	ਹੀ ਏ ੩ ਬ
×	2	0	3
ਪਨੀ ਸਾਂਰੇਂ ਸਾਂ ਰੇਂ	ਨ੍ਹੀ ਧ ਪ —	ਸਾਂ ਰੇਂ ਨ੍ਹੀ ਨ੍ਹੀ	ਧ ਮ ਪ ਧ
ਸਾ ੩ ੩ ੩ ੩	ਵੈ ੩ ੩ ੩	ਪ ਰ ਧ ਨ	ਪ ਰ ਦਾ ੩
×	2	0	3
ਮ — ਮ ਰੇ	ਨ੍ਹੀ ਨ੍ਹੀ ਸਾ —	ਰੇ ਮ ਰੇ ਮ	ਪ ਪ ਨੀ ਸਾਂ
ਰਾ ੩ ਸਿਉ ੩	ਰ ਚਿ ਓ ੩	ਬਿ ਰ ਥਾ ੩	ਜ ਨ ਮੁ ਸਿ
×	2	0	3
ਨੀਸਾਂ ਰੇਂ ਰੇਂ ਨ੍ਹੀਨ੍ਹੀ ਧਪ			
ਰਾ ੩ ੩ ਵੈ ੩ ੩			
×			

ਸੋਰਠਿ ਮਹਲਾ ੯ ॥

ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ॥ ੧ ॥ ਰਹਾਉ ॥

ਬਾਰੂ ਭੀਤਿ ਬਨਾਈ ਰਚਿ ਪਚਿ
ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਇਹ ਸੁਖ ਮਾਇਆ ਕੇ
ਉਰਝਿਓ ਕਹਾ ਗਵਾਰ ॥ ੧ ॥

ਅਜਹੂ ਸਮਝਿ ਕਛੂ ਬਿਗਰਿਓ ਨਾਹਿਨਿ
ਭਜਿ ਲੇ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤੁ ਸਾਧਨ ਕਉ
ਭਾਖਿਓ ਤੋਹਿ ਪੁਕਾਰਿ ॥ ੨ ॥ ੮ ॥

ਰਾਗ ਸੋਰਠਿ ਤਿੰਨਤਾਲ

	ਸਥਾਈ :—		
	ਮ ਰੇ ਮ ਪ	ਨ੼ੀ ਧ ਪ ਧ	ਮ—ਰੇ ਨ੼ੀ ਸਾ
	ਰੇ ੱ ਨ ਰ	ਇ ਹ ਸਾ ੱ	ਚੀ ੱੱ ਜੀ ਅ
	2	0	3
ਰੇ ਮ—ਰੇ,	ਸਾ ਰੇ ਨ੼ੀ ਸਾ	ਰੇ ਮ ਮ ਮ	ਮ ਰੇ ਨ੼ੀ ਸਾ
ਧਾ ੱ ੱ ਰਿ,	ਰੇ ੱ ਨ ਰ	ਸ ਗ ਲ ਜ	ਗ ੜ੍ ਹੈ ੱ
×	2	0	3
ਰੇ—ਮ—	ਪ ਪ (ਪ)—	ਮ ਪ ਨ੼ੀ ਸਾਂ	ਰੇ´ ਨ੼ੀ ਧ ਪ
ਜੈ ੱ ਸੇ ੱ	ਸ੍ ਪ ਨਾ ੱ	ਬਿ ਨ ਸ ਤ	ਲ ਗ ਤ ਨ
×	2	0	3
ਧ ਮ—ਰੇ			
ਬਾ ੱ ੱ ਰ			
×			
		ਅੰਤਰਾ :—	
		ਮ—ਮ—	ਪ—ਨ੼ੀ ਨ੼ੀ
		ਬਾ ੱ ਰ੍ ੱ	ਭੀ ੱ ਤਿ ਬ
		0	3
		ਸਾਂ	
ਸਾਂ—ਸਾਂ—	ਨ੼ੀ ਸਾਂ ਨ੼ੀ ਸਾਂ	ਪ ਪ ਨ੼ੀ ਨ੼ੀ	ਸਾਂ—ਨ੼ੀ ਸਾਂ
ਨਾ ੱ ਈ ੱ	ਰ ਚਿ ਪ ਚਿ	ਰ ਹ ਤ ਨ	ਹੀ ੱ ਦਿ ਨ
×	2	0	3
ਰੇ´ ਨ੼ੀ ਧ ਪ	ਧ ਮ--ਰੇ	ਰੇ – ਮ—	ਪ ਪ ਮ ਪ
ਚਾ ੱ ੱ ੱ	ੱ ੱ ੱ ਰਿ	ਤੈ ੱ ਸੇ ੱ	ਹੀ ੱ ਇ ਹ
×	2	0	3
ਨ੼ੀ ਧ ਪ ਧ	ਮ—ਰੇ ਨ੼ੀ ਸਾ	ਮ ਪ ਨ੼ੀ ਸਾਂ	ਰੇ´ ਨ੼ੀ ਧ ਪ
ਸ੍ ਖ ਮਾ ੱ	ਇਅ ੱੱ ਕੋ ੱ	ਉ ਰ ਝਿਓ ੱ	ਕ ਹਾ ੱ ਗ
×	2	0	3
ਧ ਮ—ਰੇ			
ਵਾ ੱ ੱ ਰ			
×			

ਸੋਰਠਿ ਮਹਲਾ ੯ ॥

ਇਹ ਜਗਿ ਮੀਤੁ ਨਾ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮੈ ਸੰਗਿ ਨ ਹੋਈ ॥ ੧ ॥ ਰਹਾਉ ॥
ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨ ਦੇਖਿਓ ਨਰ ਕਉ
ਸੰਗੁ ਛਾਡਿ ਸਭ ਭਾਗੇ ॥ ੧ ॥
ਕਹਉ ਕਹਾ ਜਿਆ ਮਨ ਬਉਰੇ ਕਉ
ਇਨ ਸਿਉ ਨੇਹੁ ਲਗਾਇਓ ॥
ਦੀਨਾਨਾਥ ਸਕਲ ਭੈ ਭੰਜਨ
ਜਸੁ ਤਾ ਕੋ ਬਿਸਰਾਇਓ ॥ ੨ ॥
ਸੁਆਨ ਪੂਛ ਜਿਉ ਭਇਓ ਨ ਸੂਧਉ
ਬਹੁਤੁ ਜਤਨੁ ਮੈ ਕੀਨਉ ॥
ਨਾਨਕ ਲਾਜ ਬਿਰਦ ਕੀ ਰਾਖਹੁ
ਨਾਮੁ ਤੁਹਾਰਉ ਲੀਨਉ ॥ ੩ ॥ ੯ ॥

ਰਾਗ ਸੋਰਠਿ ਤਿੰਨਤਾਲ

ਸਥਾਈ :—	ਮ ਰੇ ਮ ਪ	ਪਨੀ ਸਾਂਰੇਂ ਨ੍ਹੀਧ ਪਧ	ਮ ਰੇ ਨ੍ਹੀ ਸਾ
	ਇ ਹ ਜ ਗਿ	ਮੀਡ ऽऽ ਤੁਡ ਨਾਡ	ਦੇ ऽ ਖਿਓ ऽ
	2	0	3
ਰੇ ਮ ਮ ਰੇ	ਮ ਰੇ ਮ ਪ	ਪ ਪਧ ਮ ਮ	ਮਰੇ ਨ੍ਹੀ ਸਾ ਸਾ
ਕੋ ऽ ਈ ऽ	ਇ ਹ ਜ ਗਿ	ਸ ਗੁड ਲ ਜ	ਗ ਤੁ ਅ ਪ
×	2	0	3

ਰੇ—ਮ ਮ	ਧਪ ਨ਼ੀਧ ਪ —	ਮ ਪ ਨੀ—	ਸਾਂ ਨੀ ਸਾਂ ਸਾਂ
ਨੈ ऽ ਸ੍ਰ ਖਿ	ਲਾऽ ऽऽ ਗਿਓ ऽ	ਦ੍ਰ ਖ ਮੈ ऽ	ਸੰ ऽ ਗਿ ਨ
×	2	0	3
ਰੇ ਸਾਂ ਨੀਸਾਂ ਨ਼ੀਧ ਪਧ			
ਹੋ ऽ ऽऽ ਈ ऽ ऽऽ			
×			
		ਅੰਤਰਾ :—	
		ਮ—ਮ—	ਪ—ਪ ਨੀ
		ਦਾ ऽ ਰਾ ऽ	ਮੀ ऽ ਤ ਪ੍ਰ
		0	3
— ਨੀ ਸਾਂ ਨੀ	ਸਾਂ—ਸਾਂ—	ਨੀ ਸਾਂ ਰੇਂ ਮੰ	ਮੰ ਰੇਂ ਨੀ ਸਾਂ
ऽ ਭ ਸ ਨ	ਬੰ ऽ ਧੀ ऽ	ਸ ਗ ਰੇ ऽ	ਏ ਨ ਸਿਉ ऽ
×	2	0	3
ਪਨ਼ੀ ਸਾਂਰੇਂ ਸਾਂ ਰੇਂ	ਨ਼ੀ ਪਧ ਪ—	ਪ ਧ ਮ—	ਸਾ ਮ ਰੇ ਨ਼ੀ ਸਾ
ਲਾऽ ऽऽ ऽ ऽ	ਗੋ ऽऽ ऽ ऽ	ਜ ਬ ਹੀ	ਨਿ ਰ ਧ ਨ
×	2	0	3
ਰੇ— ਮ —	ਧਪ ਨ਼ੀਧ ਪ —	ਮ—ਪ ਨੀ	— ਸਾਂ ਨੀ ਸਾਂ
ਦੇ ऽ ਖਿਓ ऽ	ਨऽ ਰऽ ਕਉ ऽ	ਸੰ ऽ ਗੁ ਛਾ	ऽ ਡਿ ਸ ਭ
×	2	0	3
ਪਨ਼ੀ ਸਾਂਰੇਂ ਨ਼ੀਧ ਪਧ			
ਭਾऽ ऽऽ ਗੇऽ ऽऽ			
×			

ਸੋਰਠਿ ਮਹਲਾ ੯ ॥

ਮਨ ਰੇ ਗਹਿਓ ਨ ਗੁਰੁ ਉਪਦੇਸੁ ॥
ਕਹਾ ਭਇਓ ਜਉ ਮੂਡੁ ਮੁਡਾਇਓ
ਭਗਵਉ ਕੀਨੋ ਭੇਸੁ ॥ ੧ । ਰਹਾਉ ॥
ਸਾਚ ਛਾਡਿ ਕੇ ਝੂਠਹ ਲਾਗਿਓ
ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ ॥ ੧ ॥
ਰਾਮ ਭਜਨ ਕੀ ਗਤਿ ਨਹੀ ਜਾਨੀ
ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ
ਨਾਮੁ ਰਤਨੁ ਬਿਸਰਾਨਾ ॥ ੨ ॥
ਰਹਿਓ ਅਚੇਤ ਨ ਚੇਤਿਓ ਗੋਬਿੰਦ
ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ ॥ ੩ ॥ ੧੦ ॥

ਰਾਗ ਸੋਰਠਿ ਤਿੰਨਤਾਲ

ਸਥਾਈ :—

			ਮ ਪ ਮ ਨ 3
ਨੀ ਸਾਂ — — ਰੇ ऽ ऽ ऽ ×	ਰੇं ਨ੍ਹੀ — ਧ ਗ ਹਿਓ ऽ ਨ 2	ਪ ਧ ਮ ਪ ਗ਼ ਰ ਉ ਪ 0	ਧ ਮ ਰੇ ਰੇ ਦੇ ऽ ऽ ਸ੍ਰ 3
— ਸਾਂ ਸਾਂ ਨ੍ਹੀ ऽ ਕ ਹਾ ਭ ×	ਧ — ਪ — ਇਓ ऽ ਜਉ ऽ 2	ਧ ਮ ਪ ਧ ਮ੍ ऽ ਡ੍ ਮ 0	ਮ — ਮ ਰੇ ਡਾ ऽ ਇਓ ऽ 3
ਸਾ ਨ੍ਹੀ ਸਾ ਰੇ ਮ ਭ ਗ ਵਉ ऽ ×	ਪ ਨੀ ਸਾਂ — ਕੀ ऽ ਨੋ ऽ 2	ਨੀਸਾਂ ਰੇंਰें ਨ੍ਹੀਧ ਪਧ ਭੇ ऽ ऽऽ ऽऽ ऽऽ 0	ਮਮ ਰੇਸਾ, ਮ ਪ ऽऽ ਸ੍ ऽ ਮ ਨ 3

ਅੰਤਰਾ :—

ਮ ਰੇ ਮ ਪ ਸਾ ऽ ਚ ਛਾ ×	ਸਾं — ਪ ਨੀ ਨੀ ऽ ਡਿ ਕੈ ऽ 2	ਸਾं — ਸਾं — ਝ ऽ ਠਹ ऽ 0	ਸਾं — ਸਾं — ਲਾ ऽ ਗਿਓ ऽ 3
ਪ ਨੀ ਸਾं ਰें ਜ ਨ ਮ੍ ਅ ×	ਨੀਸਾं ਰेंमं मं रें ਕਾऽ ऽऽ ਰ ਥ੍ 2	ਨੀ ਸਾं ਨੀਸਾं ਰें ਖੋ ऽ ऽऽ ऽ 0	ਸां सां ਨ੍ਹੀ ਨ੍ਹੀ ਧ ਪ ਇਓ ऽ ऽ ऽ 3
ਧ ਮ ਪ ਨੀ ਕ ਰਿ ਪ ਰ ×	ਸਾं — ਸਾं ਰें ਪੰ ऽ ਚ ਉ 2	ਨ੍ਹੀ ਧ ਪ ਧ ਦ ਰ ਨਿ ਜ 0	ਮ—ਮ ਰੇ ਪੋ ऽ ਖਿਓ ऽ 3
ਸਾ ਮ ਨ੍ਹੀ ਸਾ ਰੇ ਮ ਪ ਸ੍ ਕੀ ऽ ×	ਪ ਨੀ ਨੀ — ਨਿਆ ऽ ਈ ऽ 2	ਨੀਸ਼ਾं ਰेंरें ਨ੍ਹੀਧ ਪਧ ਸੌ ऽ ऽऽ ਇਓ ऽऽ 0	ਮਮ ਰੇਸ, ਮ ਪ ऽऽ ऽऽ ਮ ਨ 3

ਸੋਰਠਿ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥

ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥

ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥ ੧ ॥

ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥

ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥

ਰਾਗ ਸੋਰਠਿ ਤਿੰਨਤਾਲ*

ਸਥਾਈ :—	ਮਪ ਨੀਸਾਂ ਸਾਂ ਰੇਂ	ਨ੍ਹੀ ਧ ਪ ਧ	ਮ ਮਰੇ ਨ੍ਹੀ ਸਾ
	ਜੋਓ ਓਓ ਨ ਰੁ	ਦੁ ਖ ਮੈ ੳ	ਦੁ ਖੁ ਨ ਹੀ
	2	0	3
ਰੇ (ਮ) ਮ ਰੇ	— — — —	ਸਾ — ਨ੍ਹੀ ਸਾ ਸਾ	ਮ ਰੇ —ਰੇ ਮ ਪ
ਮਾ ੳ ਨੈ ੳ	ੳ ੳ ੳ ੳ	ੳ ਸੁ ਖ ਸ	ਨੇ ੳ ਹੁ ਅ ਰੁ
×	2	0	3

ਮਪ ਧ ਪ ਧ	ਮ — ਮ ਰੇ	ਮ ਪ ਨੀ ਨੀ	ਸਾਂ ਨੀ ਸਾਂ —
ਭੈ ੱ ੱ ਨ ਹੀ	ਜਾ ੱ ਕੈ ੱ	ਕੰ ੱ ਚ ਨ	ਮਾ ੱ ਟੀ ੱ
×	2	0	3
ਪਨੀ ਸਾਂਰੇ* ਸਾਂ ਰੇ*	ਨੀ ਧ ਪ ਧ	ਮ ਪ ਨੀ ਨੀ	ਸਾਂ ਨੀ ਸਾਂ ਪ
ਮਾ ੱ ੱ ੱ ੱ	ਨੈ ੱ ੱ ੱ	ਕੰ ੱ ਚ ਨ	ਮਾ ੱ ਟੀ ੱ
×	2	0	3
ਪਧ ਮਪ ਨੀਸਾਂ ਰੇ*	ਸਾਂ ਨੀ ਸਾਂ ਰੇ*		
ਮਾ ੱ ੱ ਨੈ ੱ ੱ	ਜੋ ੱ ਨ ਰੁ		
×	2		
	ਅੰਤਰਾ :—	ਮ ਮ ਮ —	ਪ — ਨੀ ਨੀ
		ਨ ਹ ਨਿੰ ੱ	ਦਿਆ ੱ ਨ ਹ
		0	3
ਸਾਂ —ਸਾਂ ਸਾਂ ਨੀ	ਸਾਂ — ਸਾਂ —	ਰੇ* — ਮੰ ਮੰ	— ਰੇ* ਨੀ ਸਾਂ
ੳ ੱ ਸ ਤ ਤਿ	ਜਾ ੱ ਕੈ ੱ	ਲੋ ੱ ਭੁ ਮੋ	ੱ ਹ ਅ ਭਿ
×	2	0	3
ਨੀਸਾਂ ਨੀਸਾਂ ਰੇ*	ਨੀਧ ਪਧ ਪ —	ਨੀ ਨੀ ਨੀ ਸਾਂ	— ਸਾਂ ਨੀਸਾਂ ਰੇ*
ਮਾ ੱ ੱ ੱ	ਨਾ ੱ ੱ ੱ	ਹ ਰ ਖ ਸੋ	ੱ ਗ ਤੇ ੱ ੱ
×	2	0	3
ਨੀ ਧ ਪ ਧ	ਮ — ਮ ਰੇ	ਮ ਰੇ ਮ ਪ ਧ	ਮ ਪ ਨੀ ਸਾਂ
ਰ ਹੈ ੱ ੱ	ਨਿਆ ੱ ਰਉ ੱ	ਨਾ ੱ ਹਿ ਮਾ	ੱ ਨ ਅ ਪ
×	2	0	3
ਪਧ ਮਪ ਨੀਸਾਂ ਰੇ*	ਸਾਂ ਨੀ ਸਾਂ ਰੇ*		
ਮਾ ੱ ੱ ਨਾ ੱ ੱ	ਜੋ ੱ ਨ ਰੁ		
×	2		

*ਇਹ ਸ਼ਬਦ ਨੂੰ ਹੋਰ ਰੀਤਿ ਨਾਲ ਵੀ ਗਾਇਆ ਜਾਂਦਾ ਹੈ। ਵੇਖੋ ਅੰਤਿਕਾ 2.

ਸੋਰਠਿ ਮਹਲਾ ੯ ॥

ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ
ਕੋ ਕਾਹੂ ਕੋ ਨਾਹੀ ॥ ੧ ॥ ਰਹਾਉ ॥
ਸੁਖ ਮੇ ਆਨਿ ਬਹੁਤੁ ਮਿਲਿ ਬੈਠਤ
ਰਹਤ ਚਹੂ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ ॥ ੧ ॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ ॥ ੨ ॥
ਇਹ ਬਿਧਿ ਕੋ ਬਿਉਹਾਰ ਬਨਿਓ ਹੈ
ਜਾ ਸਿਉ ਨੇਹੁ ਲਗਾਇਓ ॥
ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ ॥ ੩ ॥ ੧੨ ॥

ਰਾਗ ਸੋਰਠਿ ਤਿੰਨਤਾਲ

ਸਥਾਈ :—	ਪਨੀ ਸਾਂਰੇਂ ਨ੍ਰੀਧ ਪਧ	ਸਾ ਮ ਰੇ ਨ੍ਰੀ ਸਾ	ਮ ਰੇ ਮ ਪ ਪ
	ਪ੍ਰੀਤ ਤ੍ਤ ਤੁਤ ਮਤ	ਜਾ ਤ ਨਿ ਲੇ	ਤ ਹੁ ਮ ਨ
	2	0	3

ਨੀ ਸਾਂਨੀ ਸਾਂ ਪ	ਪਨੀ ਸਾਂਰੇਂ ਨ਼ੀਧ ਪਧ	ਮ ਪ ਨੀ —	ਸਾਂ ਸਾਂ— ਸਾਂ ਰੇਂ
ਮਾ ऽऽ ਹੀ ऽ	ਪ੍ਰੀਤ ऽऽ ਤਤ ਮਤ	ਅ ਪ ਨੇ ऽ	ਸੁ ਖ ऽ ਸਿਉ ऽ
×	2	0	3
ਨ਼ੀ ਧ ਮ ਪ	ਧ ਮ ਮ ਰੇ	ਮ ਪ ਨੀ —	ਸਾਂ ਨੀ ਸਾਂ —
ਹੀ ऽ ਜ ਗੁ	ਫਾਂ ऽਧਿਓਤ	ਕੋ ऽ ਕਾ ऽ	ਹੂ ऽ ਕੋ ऽ
×	0	2	3
ਮਪ ਨੀਸਾਂ ਰੇਂਸਾਂ ਨੀਸਾਂ			
ਨਾਤ ऽऽ ਹੀ ऽ ऽऽ			
×			
		ਅੰਤਰਾ :—	
		ਮ ਮ ਮ	ਪ — ਨੀ ਨੀ
		ਸੁ ਖ ਮੈ ऽ	ਆ ऽ ਨਿ ਬ
		0	3
ਸਾਂ ਸਾਂ ਸਾਂ ਸਾਂ	ਸਾਂਰੇਂ ਨੀ ਸਾਂ ਸਾਂ	ਨੀ ਸਾਂ ਰੇਂ ਰੇਂ	ਮੰ ਰੇਂ ਨੀ ਸਾਂ
ਹੁ ਤੁ ਮਿ ਲਿ	ਬੈ ऽ ऽ ਠ ਤ	ਰ ਹ ਤ ਚ	ਹ ऽ ਦਿ ਮਿ
×	2	0	3
ਪਧ ਮਪ ਨੀਸਾਂ ਰੇਂ	ਨ਼ੀਨ਼ੀ ਧਪ ਮ ਪ	ਮ ਪ ਨੀ ਸਾਂ	ਨ਼ੀ — ਧ ਪ
ਘੋऽ ऽऽ ऽऽ ऽ	ਰੈ ऽ ऽऽ ऽ ऽ	ਬਿ ਪ ਤਿ ਪ	ਰੀ ऽ ਸ ਭ
×	2	0	3
ਧਪ ਧ ਮ ਮ	ਸ ਮ ਰੇ ਨ਼ੀ ਸਾ	ਨ਼ੀ ਸਾ ਰੇ ਮ	ਰੇ ਮ ਪ ਨੀ
ਹੀऽ ਸੰ ਗੁ	ਛਾ ऽ ਡਿ ਤ	ਕੋ ऽ ਉ ਨ	ਆ ऽ ਵ ਤ
×	2	0	3
ਮਪ ਨੀਸਾਂ ਰੇਂਰੇਂ ਨ਼ੀਧ			
ਨੇऽ ऽऽ ਰੈ ऽ ऽऽ			
×			

ਰਾਗ ਧਨਾਸਰੀ

ਸੰਖੇਪ ਪਰਿਚਯ

ਧਨਾਸਰੀ ਇਕ ਪੁਰਾਤਨ ਰਾਗ ਹੈ। ਮੱਧ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਇਸ ਦੇ ਤਿੰਨ ਪ੍ਰਕਾਰ ਪ੍ਰਚਾਰ ਵਿਚ ਹਨ। ਪਹਿਲੇ ਪ੍ਰਕਾਰ ਦੀ ਉਤਪੱਤੀ ਕਾਫ਼ੀ ਮੇਲ ਤੋਂ, ਦੂਜੇ ਦੀ ਭੈਰਵੀ ਮੇਲ ਤੋਂ ਅਤੇ ਤੀਜੇ ਦੀ ਉਤਪੱਤੀ ਪੂਰਵੀ ਮੇਲ ਤੋਂ। ਇਨ੍ਹਾਂ ਤਿੰਨਾਂ ਪ੍ਰਕਾਰਾਂ ਵਿਚ ਸੁਰ ਸੰਗਤੀਆਂ ਲਗਪਗ ਸਮਾਨ ਹੀ ਰਹਿੰਦੀਆਂ ਹਨ ਪਰ ਸੁਰਾਂ ਦਾ ਰੂਪਾਂਤਰ ਹੋ ਜਾਂਦਾ ਹੈ। ਅਰਥਾਤ ਕਾਫ਼ੀ ਮੇਲ ਵਿਚ ਧਨਾਸਰੀ ਦੇ ਸੁਰ ਗੰਧਾਰ ਨਿਸ਼ਾਦ ਕੋਮਲ, ਭੈਰਵੀ ਮੇਲ ਵਿਚ ਰਿਸ਼ਭ ਗੰਧਾਰ ਧੈਵਤ ਨਿਸ਼ਾਦ ਕੋਮਲ ਅਤੇ ਪੂਰਵੀ ਮੇਲ ਵਿਚ ਇਸ ਰਾਗ ਦੇ ਸੁਰ ਰਿਸ਼ਭ ਧੈਵਤ ਕੋਮਲ ਮੱਧਿਅਮ ਤੀਬਰ, ਬਾਕੀ ਸੁੱਰ ਸ਼ੁੱਧ ਹੋ ਜਾਂਦੇ ਹਨ। ਧਨਾਸਰੀ ਦੇ ਤਿੰਨਾਂ ਪ੍ਰਕਾਰਾਂ ਵਿਚ ਚਲਨ ਅਤੇ ਨਿਯਮ ਲਗਪਗ ਇਕ ਹੀ ਹਨ। ਅਸੀਂ ਇਸ ਪੁਸਤਕ ਵਿਚ ਧਨਾਸਰੀ ਦੇ ਤਿੰਨਾਂ ਪ੍ਰਕਾਰਾਂ ਦੀ ਵਰਤੋਂ ਕੀਤੀ ਹੈ।

ਸੰਗੀਤ ਪਾਰਿਜਾਤ (1650 ਈ:) ਦੇ ਲੇਖਕ ਪੰਡਿਤ ਅਹੋਬਲ ਦਾ ਕਥਨ ਹੈ ਕਿ ਕਾਫ਼ੀ ਮੇਲ (ਥਾਟ) ਦੀ ਆਰੋਹੀ ਵਿਚ ਰਿਸ਼ਭ ਧੈਵਤ ਵਰਜਿਤ ਕਰਨ ਤੋਂ ਧਨਾਸਰੀ ਰਾਗ ਦੀ ਉਤਪੱਤੀ ਹੁੰਦੀ ਹੈ ਅਤੇ ਕਈ ਪੂਰਵੀ ਮੇਲ ਦੀ ਆਰੋਹੀ ਵਿਚ ਰਿਸ਼ਭ ਧੈਵਤ ਵਰਜਿਤ ਕਰਨ ਤੋਂ ਧਨਾਸਰੀ ਦੀ ਉਤਪੱਤੀ ਮੰਨਦੇ ਹਨ।

ਧਨਾਸਰੀ ਕਾਫ਼ੀ ਮੇਲ

ਧਨਾਸਰੀ ਦੇ ਇਸ ਪ੍ਰਕਾਰ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ, ਦੋਹਾਂ ਸੁਰਾਂ ਦਾ ਤਿਆਗ ਕੀਤਾ ਜਾਂਦਾ ਹੈ ਇਸ ਕਾਰਣ ਇਸ ਦੀ ਜਾਤੀ ਔਡਵ-ਸੰਪੂਰਣ ਮੰਨੀ ਜਾਂਦੀ ਹੈ। ਧਨਾਸਰੀ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ਡਜ ਹੈ। ਇਸ ਰਾਗ ਦਾ ਸਰੂਪ ਕਈ ਸਥਾਨਾਂ ਤੇ ਭੀਮਪਲਾਸੀ ਨਾਲ ਰਲਮਿਲ ਜਾਂਦਾ ਹੈ ਪਰ ਵਾਦੀ ਸੁਰ ਦੇ ਭੇਦ ਤੋਂ ਇਹ ਦੋਵੇਂ ਰਾਗ ਭਿੰਨ ਹੋ ਜਾਂਦੇ ਹਨ। ਭੀਮਪਲਾਸੀ ਦਾ ਵਾਦੀ ਮੱਧਿਅਮ ਅਤੇ ਧਨਾ-ਸਰੀ ਦਾ ਵਾਦੀ ਪੰਚਮ ਹੈ। ਧਨਾਸਰੀ ਦੇ ਰੂਪ ਨੂੰ ਉਘਾੜਨ ਲਈ "ਗ਼ ਗ਼ ਪ" ਜਾਂ "ਪ ਗ਼" ਸੁਰ ਸੰਗਤਿ ਅਤਿਅੰਤ ਮਹਤੱਵ ਪੂਰਣ ਹੈ। ਧਨਾਸਰੀ ਦਾ ਗ੍ਰਹ ਸੁਰ ਨਿਸ਼ਾਦ ਅਤੇ ਪੰਚਮ ਨਿਆਸ ਸੁਰ ਮੰਨਿਆ ਜਾਂਦਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਦਾ ਵਿਸਤਾਰ ਤਿੰਨਾਂ ਸਪਤਕਾਂ ਵਿਚ ਕੀਤਾ ਜਾਂਦਾ ਹੈ।

ਆਰੋਹ : - ਨ੍ਰੀ ਸਾ. ਗ਼ ਮ ਪ ਨ੍ਰੀ ਸਾਂ।

ਅਵਰੋਹ :— ਸਾਂ ਨ੍ਰੀ ਧ ਪ. ਮ ਪ ਗ਼. ਮ ਗ਼ ਰੇ ਸਾ।

ਮੁੱਖ ਅੰਗ :— ਗ਼ ਗ਼ ਪ, ਨ੍ਰੀ ਧ ਪ, ਗ਼. ਮ ਗ਼ ਰੇ ਸਾ।

ਭੈਰਵੀ ਮੇਲ ਅਨੁਸਾਰ

ਸਾ ਮ ਸਾਂ
ਆਰੋਹ :— ਨ੍ਹੀ ਸ, ਗ ਮ ਪ ਨ੍ਹੀ ਸਾਂ ।

ਮ
ਅਵਰੋਹ :— ਸਾਂ ਨ੍ਹੀ ਧ ਪ, ਮ ਪ ਗ, ਮ ਗ ਰੇ ਸਾ ।

ਮ
ਮੁੱਖ ਅੰਗ :— ਗ ਮ ਪ ਨ੍ਹੀ ਧ ਪ, ਮ ਪ ਗ, ਰੇ ਸਾ ।

ਸੁਰ ਵਿਸਤਾਰ ਧਨਾਸਰੀ (ਕਾਫ਼ੀ ਮੇਲ)

ਸਾ ਮ ਮ ਸਾ
1. ਸਾ, ਨ੍ਹੀ ਨ੍ਹੀ ਸਾ, ਪ ਨ੍ਹੀ ਸਾ, ਨ੍ਹੀ ਧ ਪ, ਧ ਪ ਮ ਪ ਗ ਗ ਪ, ਮ ਪ ਨ੍ਹੀ ਸਾ,

ਮ
ਪ ਨ੍ਹੀ ਸਾ, ਨ੍ਹੀ ਸਾ ਗ ਰੇ ਸਾ, ਨ੍ਹੀ ਸਾ ਮ ਗ, ਪ ਗ, ਮ ਗ ਰੇ ਸਾ । ਨ੍ਹੀ ਸਾ

ਮ ਮ ਮ ਮ
ਗ ਗ ਪ, ਮ ਗ ਪ, ਮ ਪ ਗ ਗ ਪ ਗ ਰੇ ਸਾ ।

ਮ ਮ ਮ ਮ ਮ ਮ
2. ਨ੍ਹੀ ਸਾ ਗ ਗ, ਮ ਪ ਗ ਗ ਪ, ਧ ਪ, ਮ ਪ ਗ ਗ ਪ ਧ ਪ ਮ ਪ ਗ ਮ ਪ ਨ੍ਹੀ

ਮ ਮ ਸਾਂ
ਧ ਪ, ਧ ਪ ਮ ਪ ਗ, ਮ ਪ ਗ ਮ ਪ ਨ੍ਹੀ ਸਾਂ ਨ੍ਹੀ ਧ ਪ, ਨ੍ਹੀ ਧ ਪ, ਧ ਪ ਮ ਪ

ਮ ਮ
ਮ ਪ ਧ ਪ ਗ, ਪ ਗ, ਰੇ ਸਾ ।

ਮ ਮ ਮ ਸਾਂ ਸਾਂ
3. ਨ੍ਹੀ ਸਾ ਗ ਮ ਪ, ਸਾ ਗ ਮ ਪ, ਗ ਮ ਪ, ਨ੍ਹੀ ਨ੍ਹੀ ਸਾਂ, ਨ੍ਹੀ ਸਾਂ, ਸਾਂ ਨ੍ਹੀ ਧ ਪ ਮ

ਪ ਗ ਮ ਪ ਨ੍ਹੀ ਸਾਂ, ਨ੍ਹੀ ਸਾਂ, ਨ੍ਹੀ ਸਾਂ ਰੇ॰ ਸਾਂ ਨ੍ਹੀ ਸਾਂ ਪ ਨ੍ਹੀ ਧ ਪ, ਧ ਪ ਮ ਪ

ਮ ਮ
ਗ, ਗ ਮ ਪ ਨ੍ਹੀ ਸਾਂ ਗ॰ ਰੇ॰ ਸਾਂ, ਨ੍ਹੀ ਸਾਂ ਮ॰ ਗ॰ ਰੇ॰ ਸਾਂ, ਨ੍ਹੀ ਸਾਂ ਗ॰ ਮ॰ ਪ॰, ਮ॰

ਮ॰ ਮ॰
ਪ॰ ਗ॰ ਗ॰, ਮ॰ ਗ॰ ਰੇ॰ ਸਾਂ, ਪ ਨ੍ਹੀ ਸਾਂ ਗ॰ ਰੇ॰ ਸਾਂ, ਪ ਨ੍ਹੀ ਸਾਂ ਰੇ॰ ਸਾਂ ਨ੍ਹੀ ਧ

ਮ
ਪ, ਮ ਪ ਨ੍ਹੀ ਧ ਪ, ਮ ਪ ਨ੍ਹੀ ਧ ਮ, ਮ ਪ ਗ, ਨ੍ਹੀ ਸਾ ਗ ਮ ਪ ਗ, ਮ ਗ ਰੇ

ਸਾ ।

ੴ ਸਤਿਗੁਰ ਪ੍ਰਸਾਦਿ ॥

ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੈ ਨਿਰੰਤਰਿ
ਘਟ ਹੀ ਖੋਜਹੁ ਭਾਈ ॥ ੧ ॥
ਬਾਹਰਿ ਭੀਤਰਿ ਏਕੋ ਜਾਨਹੁ
ਇਹ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥ ੨ ॥ ੧ ॥

ਰਾਗ ਧਨਾਸਰੀ (ਕਾਫ਼ੀ ਮੇਲ) ਤਿੰਨਤਾਲ

ਸਥਾਈ :—		ਗੁਮ ਪਨ੍ਹੀ ਧ ਪ	ਮ ਮ ਗੁ ਗੁ ਮ ਪ
		ਕਾਓ ऽऽ ਹੇ ऽ	ਰੇ ऽ ਬ ਨ
		0	3
ਪ — ਪ ਮ	ਪ ਸਾਂ ਨ੍ਹੀ ਧ ਪ	ਪ ਪ ਪ ਪ	ਮਪ ਧਪ ਮ ਗੁ —
ਖੋ ऽ ਜ ਨ	ਜਾ ऽऽ ਈ ऽ	ਸ ਰ ਬ ਨਿ	ਵਾऽ ऽऽ ਸੀ ऽ
×	2	0	3

ਮ ਪ ਗ—ਗ	ਰੇ—ਸਾ —	ਰੇਸਾ ਨੀਸਾ ਗ ਮ	ਨੀਪ ਸਾਂਨੀ ਸਾਂ ਗਂ
ਸ ਦਾ ਸ ਅ	ਲੇ ਸ ਪਾ ਸ	ਤੋ ਸ ਸਸ ਹੀ ਸ	ਸੰ ਸ ਸਸ ਗਿ ਸ
×	2	0	3
ਰੇं ਸां ਨੀਸां ਰेंਸां	ਮ ਨੀ ਧਪ ਗ ਮ		
ਮਾ ਸ ਸਸ ਸਸ	ਈ ਸਸ ਸ ਸ		
×	2		
		ਅੰਤਰਾ :—	
		— ਪ ਪ ਪ	ਮ ਮਪ ਧਪ ਗ ਮ
		ਸ ਪ੍ਰ ਹ ਪ	ਮਸ ਧਿਸ ਜਿਉ ਸ
		0	3
ਸां ਸां ਪ — ਨੀ ਨੀ	ਸां ਸां ਸां —	ਸां ਸां ਪ ਨੀ ਨੀ ਸां	— ਗ ਰें ਸां
ਬਾ ਸ ਸ ਬ	ਸ ਤ ਹੈ ਸ	ਮ ਕ ਰ ਮਾ	ਸ ਹਿ ਜੈ ਸੇ
×	2	0	3
ਨੀਸां ਨੀਸां ਰेंਸां	ਨੀ ਧ ਪ —	ਮ — ਪ — ਗ	ਮਪ ਸांਨੀ ਧ ਪ
ਛਾ ਸ ਸਸ ਸਸ	ਈ ਸ ਸ	ਸ ਤੇ ਸ ਸੇ	ਹੀਸ ਸਸ ਹ ਰਿ
×	2	0	3
ਮਪ ਗ—ਪ	ਮ ਗ — ਰे ਸा	ਰेसा ਨੀसा ਗ ਮ	ਪ ਨੀ ਸां ਗ
ਬਸ ਸੇ ਸ ਨਿ	ਰੰ ਸ ਤ ਰਿ	ਘਸ ਟ ਸ ਹੀ ਸ	ਖੋ ਸ ਜ ਹ
×	2	0	3
ਰें ਸां ਨੀसां ਰेंसां	ਮ ਨੀ ਧਪ ਗ ਮ		
ਭਾ ਸ ਸਸ ਸਸ	ਈ ਸਸ ਸ ਸ		
×	2		

ਧਨਾਸਰੀ ਮਹਲਾ ੯ ॥

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮਨਾਮ ਕਾ ਸਿਮਰਨੁ ਛੋਡਿਆ
ਮਾਇਆ ਹਾਥਿ ਬਿਕਾਨਾ ॥ ੧ ॥ ਰਹਾਉ ॥

ਮਾਤ ਪਿਤਾ ਭਾਈ ਸੁਤ ਬਨਿਤਾ
ਤਾ ਕੈ ਨਾਸਿ ਲਪਟਾਨਾ ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ
ਅਹਿਨਿਸਿ ਰਹੈ ਦਿਵਾਨਾ ॥ ੧ ॥

ਦੀਨ ਦਇਆਲ ਸਦਾ ਦੁਖ ਭੰਜਨ
ਤਾ ਸਿਉ ਮਨੁ ਨ ਲਗਾਨਾ ॥
ਜਨ ਨਾਨਕ ਕੋਟਨ ਮੈ ਕਿਨਹੂ
ਗੁਰਮੁਖਿ ਹੋਇ ਪਛਾਨਾ ॥ ੨ ॥ ੨ ॥

ਰਾਗ ਧਨਾਸਰੀ (ਭੈਰਵੀ ਮੇਲ) ਤਿੰਨਤਾਲ

ਸਥਾਈ :

	ਗ਼ ਮ	ਪ ਨ਼ੀ ਧ਼ ਪ	ਮ ਪ ਗ਼ ਮ
	ਸਾ ਧੌ	ਇ ਹ ਜ ਗ਼	ਭ ਰ ਮ ਭ਼
		0	3
			(ਮ
ਪ — — —	ਪ —, — —	ਪ ਧ਼ ਪ ਮ	— ਪ ਗ਼ —
ਲਾ ऽ ऽ ऽ	ਨਾ ऽ , ऽ ऽ	ਰਾ ऽ ਮ ਨਾ	ऽ ਮ ਕਾ ऽ
×	2	0	3
ਮ	ਮ		
ਗ਼ ਮ ਪ ਪ	ਗ਼ — ਰ੍ਹੇ ਸਾ	ਨ਼ੀ ਸਾ ਗ਼ ਮ	ਪ — ਨ਼ੀ ਸਾਂ
ਸਿ ਮ ਰ ਨ	ਛੋ ऽ ਡਿਆ ऽ	ਮਾ ऽ ਇਆ ऽ	ਹਾ ऽ ਬਿ ਬਿ
×	2	0	3
ਨ਼ੀਸਾਂ ਰ੍ਹੇ ਸਾਂ ਨ਼ੀ ਸਾਂ	ਨ਼ੀਧ਼ ਪ		
ਕਾ ऽ ऽऽ ऽ ऽ	ਨਾऽ ऽ		
×	2		
		ਅੰਤਰਾ :	
			ਮ
		ਪ—ਪ ਪ	ਧ਼ਪ ਮਪ ਗ਼ ਮ
		ਮਾ ऽ ਤ ਪਿ	ਤਾऽ ऽऽ ਭਾ ऽ
		0	3
ਪ — ਨ਼ੀ ਨ਼ੀ	ਸਾਂ ਸਾਂ ਸਾਂ —	ਪ ਨ਼ੀ ਸਾਂ ਗ਼	ਰ੍ਹੇ ਸਾਂ ਸਾਂ ਸਾਂ
ਈ ऽ ਸ਼ ਤ	ਬ ਨਿ ਤਾ ऽ	ਤਾ ऽ ਕੈ ऽ	ਰ ਸਿ ਲ ਪ
×	2	0	3
ਨ਼ੀ ਸਾਂ ਨ਼ੀਸਾਂ ਰ੍ਹੇ ਸਾਂ	ਨ਼ੀ — ਧ਼ ਪ	ਪਨ਼ੀ ਸਾਂ ਨ਼ੀ ਧ਼	ਪ ਨ਼ੀ ਧ਼ ਪ
ਟਾ ऽ ऽऽ ऽऽ	ਨਾ ऽ ऽ ऽ	ਜੋ ऽ ऽ ਬ ਨ	ਧ ਨ ਪ਼ ਭ
×	2	0	3
ਮ (ਮ	•		
ਨ — ਪ ਨ	ਰ੍ਹੇ ਰ੍ਹੇ ਸਾ	ਨ਼ੀ ਸਾ ਗ਼ ਮ	ਪ ਨ਼ੀ ਸਾਂ ਗ਼
ਤਾ ऽ ਕੈ ऽ	ਮ ਦ ਮੈ ऽ	ਅ ਹਿ ਨਿ ਸਿ	ਰ ਹੈ ऽ ਦਿ
×	2	0	3
ਰ੍ਹੇ ਸਾਂ ਨ਼ੀਸਾਂ ਰ੍ਹੇ ਸਾਂ	ਨ਼ੀਧ਼ ਪਮ		
ਵਾ ऽ ऽऽ ऽऽ	ਨाऽ ऽऽ		
×	2		

ਧਨਾਸਰੀ ਮਹਲਾ ੯ ॥

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ
ਜਿਹ ਘਟਿ ਮਾਹਿ ਪਛਾਨਉ ॥ ੧ ॥ ਰਹਾਉ ॥
ਪਰ ਨਿੰਦਾ ਉਸਤਤਿ ਨਹ ਜਾ ਕੈ
ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ
ਜੋਗੀ ਤਾਹਿ ਬਖਾਨੋ ॥ ੧ ॥
ਚੰਚਲ ਮਨੁ ਦਹ ਦਿਸਿ ਕਉ ਧਾਵਤ
ਅਚਲ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ
ਮੁਕਤਿ ਤਾਹਿ ਤੁਮ ਮਾਨੋ ॥ ੨ ॥ ੩ ॥

ਧਨਾਸਰੀ ਮਹਲਾ ੯ ॥

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ
ਜਿਹ ਘਟਿ ਮਾਹਿ ਪਛਾਨਉ ॥ ੧ ॥ ਰਹਾਉ ॥
ਪਰ ਨਿੰਦਾ ਉਸਤਤਿ ਨਹ ਜਾ ਕੈ
ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ
ਜੋਗੀ ਤਾਹਿ ਬਖਾਨੋ ॥ ੧ ॥
ਚੰਚਲ ਮਨੁ ਦਹ ਦਿਸਿ ਕਉ ਧਾਵਤ
ਅਚਲ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ
ਮੁਕਤਿ ਤਾਹਿ ਤੁਮ ਮਾਨੋ ॥ ੨ ॥ ੩ ॥

ਧਨਾਸਰੀ ਮਹਲਾ ੯ ॥

ਅਬ ਮੈ ਕਉਨੁ ਉਪਾਉ ਕਰਉ ॥
ਜਿਹ ਬਿਧਿ ਮਨ ਕੋ ਸੰਸਾ ਚੂਕੈ
ਭਉ ਨਿਧਿ ਪਾਰਿ ਪਰਉ ॥ ੧ ॥ ਰਹਾਉ ॥

ਜਨਮੁ ਪਾਇ ਕਛੁ ਭਲੋ ਨ ਕੀਨੋ
ਤਾ ਤੇ ਅਧਿਕ ਡਰਉ ॥
ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ
ਯਹ ਜੀਅ ਸੋਚ ਧਰਉ ॥ ੧ ॥

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ
ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ
ਤਬ ਹਉ ਪਤਤ ਤਰਉ ॥ ੨ ॥ ੪ ॥

ਰਾਗ ਧਨਾਸਰੀ (ਪੂਰਵੀ ਮੇਲ) ਤਿੰਨਤਾਲ

ਸਥਾਈ :—

	। ਗ ਮ ਪ ਨੀ ਅ ਬ ਮੈ ੲ 2	। ਧ ਪ ਧ ਮ ਕਉ ੲ ਨ ੲ 0	। ਮ । ਪ ਗ ਗ ਮ ਉ ਪਾ ਉ ਕ 3
ਪ — — —, ।	— — — —	। ਗਮ ਪਨੀ ਧ ਪ	। । । ਮ ਪ ਗ — ਮ ਨ ਕੋ ੲ
ਰਉ ੲ ੲ ੲ,	ੲ ੲ ੲ ੲ	ਜਿਤ ਹਿਤ ਬਿ ਧਿ	
×	2	0	3
। ਪ — ਗ ਮ ਸੰ ੲ ਸਾ ੲ ×	ਗ ਰੇ ਸਾ — ਚੂ ੲ ਕੈ ੲ 2	। ਨੀ ਸਾ ਗ ਮ ਭਉ ੲ ਨਿ ਧਿ 0	ਪ — ਨੀ ਸਾਂ ਪਾ ੲ ਰਿ ਪ 3
। ਨੀਸਾਂ ਰੇਂਸਾਂ ਨੀਧ ਪਮ ਰਉ ੲੲ ੲੲ ੲੲ ×			
		ਅੰਤਰਾ :—	
		। ਪ ਧ ਪ ਮ ਜ ਨ ਮੁ ਪਾ 0	। — ਪ ਗ ਮ ੲ ਇ ਕ ਛ 3
ਪ ਨੀ — ਨੀ ਭ ਲੋ ੲ ਨ ×	ਸਾਂ— ਸਾਂ— ਕੀ ੲ ਨੋ ੲ 2	ਪ ਨੀ ਸਾ ਗਂ ਤਾ ੲ ਤੇ ੲ 0	ਰੇਂ ਰੇਂ ਸਾਂ ਸਾਂ ਅ ਧ ਕ ਡ 3
। ਨੀ ਸਾਂ ਨੀਸਾਂ ਰੇਂਸਾਂ	ਨੀ ਧ ਪ —	। ਗ ਮ ਪ ਨੀ	ਧ ਧ ਪ ਪ
ਰਉ ੲ ੲੲ ੲੲ	ੲ ੲ ੲ ੲ	ਮ ਨ ਬ ਚ	ਕ੍ਰ ਮ ਹ ਰਿ
×	2	0	3

। ਪ ਮ ਪ ਗ ਗੁ ਨ ਨ ਹੀ ×	ਪ ਗ ਰੇ ਸਾ ਗਾ ੜ ਏ ੜ 2	। ਨ਼ੀ ਸਾ ਗ ਮ ਯ ਹ ਜੀ ਅ 0	ਪ ਨੀ ਸਾਂ ਗਂ ਸੋ ੜ ਚ ਧ 3
। । ਰੇ ਸਾਂ ਨੀਧ ਪਮ ਗਮ ਰਉ ੜੜ ੜੜ ੜੜ ×			

ਰਾਗ ਜੈਤਸਰੀ

ਸੰਖੇਪ ਪਰਿਚਯ

ਜੈਤਸਰੀ ਇਕ ਅਸਾਧਾਰਣ ਰਾਗ ਹੈ। ਇਸ ਰਾਗ ਦਾ ਸਰੂਪ ਮਨੋਰੰਜਕ ਹੋਣ ਦੇ ਨਾਲ ਨਾਲ ਕੁਝ ਕਠਿਨ ਵੀ ਹੈ। ਜੈਤਸਰੀ ਨੂੰ ਉਚ ਪੱਧਰ ਦੇ ਗਾਇਕ ਹੀ ਗਾਉਂਦੇ ਹਨ।

ਇਸ ਰਾਗ ਨੂੰ ਸੰਸਕ੍ਰਿਤ ਗ੍ਰੰਥਕਾਰ, ਜੈਤ ਸ੍ਰੀ, ਜਯਸ੍ਰੀ, ਜਯੰਤ ਸ੍ਰੀ ਆਦਿ ਨਾਮਾਂ ਨਾਲ ਸੰਬੋਧਨ ਕਰਦੇ ਹਨ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ "ਰਾਗੁ ਜੈਤਸਰੀ" ਲਿਖਿਆ ਹੈ।

ਜੈਤਸਰੀ ਦੇ ਸਰੂਪ ਬਾਰੇ ਸੰਗੀਤਕਾਰਾਂ ਦੇ ਭਿੰਨ ਭਿੰਨ ਮਤ ਹਨ। ਕੋਈ ਇਸ ਨੂੰ ਮਾਰਵਾ ਮੇਲ ਦਾ ਰਾਗ ਮੰਨ ਕੇ ਧੈਵਤ ਤੀਬਰ ਦੀ ਵਰਤੋਂ ਕਰਦੇ ਹਨ। ਦੂਜਾ ਮਤ ਇਸ ਨੂੰ ਪੂਰਵੀ ਮੇਲ ਦਾ ਰਾਗ ਮੰਨਦਾ ਹੈ। ਤੀਜਾ ਮਤ ਥਾਟ (ਮੇਲ) ਪੂਰਵੀ ਅਤੇ ਆਰੋਹ ਵਿਚ ਕੇਵਲ ਧੈਵਤ ਵਰਜਿਤ ਕਰਨ ਲਈ ਆਖਦਾ ਹੈ ਅਤੇ ਚੌਥਾ ਮਤ ਇਸ ਦਾ ਥਾਟ (ਮੇਲ) ਪੂਰਵੀ ਅਤੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਮੰਨਦਾ ਹੈ। ਪੰਡਿਤ ਅਹੋਬਲ ਨੇ ਸੰਗੀਤ ਪਾਰਿਜਾਤ (1650 ਈ.) ਵਿਚ ਜੈਤਸਰੀ ਦਾ ਉਲੇਖ ਕਰਦਿਆਂ ਆਖਿਆ ਹੈ, "ਜੈਤਸਰੀ ਰਾਗ ਵਿਚ ਰਿਸ਼ਭ ਧੈਵਤ ਕੋਮਲ, ਗੰਧਾਰ, ਮੱਧਿਅਮ ਨਿਸ਼ਾਦ ਤੀਬਰ ਅਤੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹਨ।" ਉਪਰੋਕਤ ਮਤਾਂ ਵਿਚੋਂ ਚੌਥਾ ਮਤ ਅਤੇ ਪੰਡਿਤ ਅਹੋਬਲ ਦੁਆਰਾ ਵਿਆਖਿਆ ਰੂਪ ਪ੍ਰਚਾਰ ਵਿਚ ਵਧੇਰੇ ਹੈ।

ਜੈਤਸਰੀ ਪੂਰਵੀ ਮੇਲ ਦਾ ਰਾਗ ਹੈ। ਇਸ ਵਿਚ ਰਿਸ਼ਭ ਧੈਵਤ ਕੋਮਲ ਮੱਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਦਾ ਤਿਆਗ ਕੀਤਾ ਜਾਂਦਾ ਹੈ ਇਸ ਕਾਰਣ ਜਾਤੀ ਔਡਵ-ਸੰਪੂਰਣ ਹੈ। ਇਸ ਰਾਗ ਵਿਚ ਗੰਧਾਰ ਵਾਦੀ ਅਤੇ ਨਿਸ਼ਾਦ ਸੰਵਾਦੀ ਹੈ। ਕੁਝ ਕਲਾਕਾਰ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ਡਜ ਮੰਨਦੇ ਹਨ, ਪਰ ਪਹਿਲਾ ਮਤ ਪ੍ਰਚਾਰ ਆੜੂੜ ਹੈ। ਜੈਤਸਰੀ ਸ਼ਾਮ ਦਾ ਸੰਧੀ ਪ੍ਰਕਾਸ਼ ਰਾਗ ਹੈ। ਸੰਗੀਤਕਾਰਾਂ ਨੇ ਇਸ ਨੂੰ ਪੂਰਵਾਂਗ ਪ੍ਰਧਾਨ ਰਾਗਾਂ ਦੇ ਵਰਗ ਵਿਚ ਰੱਖਿਆ ਹੈ। ਜੈਤਸਰੀ ਦੇ ਆਰੋਹ ਵਿਚ ਗੰਧਾਰ ਸੁਰ ਬਹੁਤ ਮਹੱਤਵ ਪੂਰਣ ਹੈ। ਇਸ ਰਾਗ ਨੂੰ ਸ਼ਾਮ ਦੇ ਸਮੇਂ ਗਾਇਆ ਜਾਂਦਾ ਹੈ।

ਜੈਤਸਰੀ ਦਾ ਅਤਿਅੰਤ ਨਿਕਟਵਰਤੀ ਰਾਗ ਪੂਰੀਆ ਧਨਾਸਰੀ ਹੈ। ਪੂਰੀਆ ਧਨਾਸਰੀ ਵਿਚ "ਮ ਗ ਮ ਰੇ ਗ" ਸੁਰ ਸੰਗਤਿ ਪ੍ਰਧਾਨ ਹੈ ਅਤੇ ਜੈਤਸਰੀ ਵਿਚ "ਪ, ਮਧ, ਮ ਗ, ਮਗ, ਮਗ ਰੇ ਸਾ।" ਜੈਤਸਰੀ ਵਿਚ ਪੰਚਮ ਤੇ ਨਿਆਸ ਅਤੇ "ਗਪ" ਸੁਰਾਵਲੀ ਦੀ ਸਹਾਇਤਾ ਨਾਲ ਪੂਰੀਆ ਧਨਾਸਰੀ ਨਾਲੋਂ ਨਿਖੇੜਿਆ ਜਾਂਦਾ ਹੈ। ਜੈਤਸਰੀ ਵਿਚ ਜੈਤ ਰਾਗ ਦੀ "ਸਾ ਗ ਪ" ਸੁਰ ਸੰਗਤਿ ਵੀ ਵਰਤੀ ਜਾਂਦੀ ਹੈ। ਕਦੇ ਕਦੇ ਜੈਤਸਰੀ ਵਿਚ "ਮ ਪ ਨ੍ਹੀ ਸਾ ਰੇਸਾ" ਸੁਰ ਸਮੂਹ ਵੀ ਲਿਆ ਜਾਂਦਾ ਹੈ। ਇਸ ਸੁਰ ਸਮੂਹ ਤੋਂ ਸ੍ਰੁਤਿਆ ਨੂੰ ਸ੍ਰੀ ਰਾਗ ਦੀ ਰੰਗਤ ਦਿਖਾਈ ਦਿੰਦੀ ਹੈ ਪਰ ਸ੍ਰੀ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਸੁਰ ਵਰਜਿਤ ਹਨ ਇਸ ਲਈ ਸ੍ਰੁਤਿਆਂ ਦਾ ਉਹ ਸੰਸਾ ਵੀ ਦੂਰ ਹੋ ਜਾਂਦਾ ਹੈ।

ਪਟਨਾ ਨਿਵਾਸੀ ਮੁਹੰਮਦ ਰਜ਼ਾ ਦੁਆਰਾ ਲਿਖਤ ਪੁਸਤਕ "ਨਗਮਾਤੇ ਆਸਫੀ" (1813 ਈ.) ਵਿਚ ਜੈਤਸਰੀ ਨੂੰ ਸ੍ਰੀ ਰਾਗ ਦੀ ਰਾਗਣੀ ਮੰਨਿਆ ਹੈ। "ਨਾਦ ਵਿਨੋਦ" ਦੇ ਕਰਤਾ ਗੋਸੁਆਮੀ ਪੰਨਾ ਲਾਲ (1846) ਨੇ ਇਸ ਨੂੰ ਦੀਪਕ ਦੀ ਰਾਗਣੀ, ਬੁਧ ਪ੍ਰਕਾਸ਼ ਗ੍ਰੰਥ ਦੇ ਲੇਖਕ ਨੇ ਮਾਲਕੌਂਸ ਰਾਗ ਦੀ ਨੂੰਹ ਅਤੇ ਰਾਧਾ ਗੋਬਿੰਦ ਸੰਗੀਤ ਸਾਰ ਦੇ ਸਿਰਜਣਹਾਰ ਨੇ ਜੈਤਸਰੀ ਨੂੰ ਦੇਸ਼ਕਾਰ ਦੀ ਰਾਗਣੀ ਦੱਸਿਆ ਹੈ। ਉਨ੍ਹਾਂ ਮਤਾਂ ਵਿਚ ਅਸਮਾਨਤਾ ਅਤੇ ਗੜਬੜ ਗੁਠਾਲਾ ਵੇਖ ਕੇ ਚੌਥੇ, ਪੰਜਵੇ, ਨੌਵੇਂ ਸਤਿਗੁਰਾਂ ਅਤੇ ਭਗਤ ਰਵਿਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਕੇਵਲ ਰਾਗੁ ਜੈਤਸਰੀ ਨਾਮ ਹੀ ਪ੍ਰਦਾਨ ਕੀਤਾ ਹੈ।

ਆਰੋਹ : – ਨ਼ੀਸਾ, ਗਪ, ਮ ਧ ਪ, ਨੀਸਾਂ।

ਅਵਰੋਹ :— ਸਾਂ ਨੀ ਧਪ, ਮਗ, ਮ ਗ, ਰੇ ਸਾ।

ਮੁੱਖ ਅੰਗ :— ਨ਼ੀ ਸਾ ਗ ਪ, ਮ ਧ ਪ, ਮ ਗ, ਮਗ, ਰੇ ਸਾ।

ਰਾਗ ਜੈਤਸਰੀ ਸੁਰ ਵਿਸਤਾਰ

1. ਸਾ, ਸਾਰੇ ਸਾ ਸਾ, ਨੀ ਰੇ ਸਾ, ਰੇ ਨੀ ਧ ਪ, ਮ ਧ ਮ ਗ, ਗ ਪ, ਮ ਧ ਮ

ਗ ਪ, ਮ ਪ, ਨੀ ਧ ਪ. ਮ ਪ, ਪ ਧ ਪ, ਮ ਗ ਗ ਪ, ਮ ਪ ਨੀ ਨੀ ਸਾ, ਪ

ਨੀ ਸਾ, ਰੇ ਸਾ, ਨੀ ਸਾ ਗ, ਮਗ, ਸਾ ਗ ਮ ਗ, ਸਾਸਾ ਗਗ ਪਪ ਮ ਧ ਪ, ਮਗ, ਮ

ਧ ਮ ਗ, ਮ ਗ, ਰੇ ਸਾ ।

2. ਨੀ ਸਾ, ਗ ਗ ਪ, ਸਾ ਗ ਮ ਪ ਗ ਗ ਪ, ਪ ਧ ਪ, ਮ ਧ ਮ ਗ, ਮ ਧ ਪ, ਨੀ ਧ

ਪ, ਮ ਧ ਮ ਗ, ਮ ਗ ਪ, ਸਾਂ ਨੀ ਧ ਪ, ਮ ਧ ਮ ਗ, ਸਾ ਸਾ ਨੀ ਰੇ ਸਾ ਸਾ,

ਗ ਪ ਮ ਧ ਪ ਪ, ਮ ਧ ਮ ਗ, ਮ ਗ, ਰੇ ਸਾ, ਨੀ ਸਾ ਗ ਮ ਸਾ ਸਾ ਗ ਪ ਮ

ਧ ਪ, ਮ ਪ, ਨੀ ਧ ਪ, ਸਾਂ ਨੀ ਧ ਪ, ਰੇਂ ਨੀ ਧ ਪ, ਨ ਮ, ਗ, ਨੀ ਮ ਗ,

ਮ ਗ, ਮ ਗ, ਰੇ ਸਾ ।

3. ਪ ਪ, ਮ ਧ ਮ ਗ, ਮ ਧ ਪ, ਸਾਂ, ਨੀਸਾਂ, ਸਾਂ ਨੀ ਰੇਂ ਨੀ ਧ ਪ, ਮ ਧ ਪ ਸਾਂ,

ਮ ਪ ਨੀ ਸਾਂ ਰੇਂ ਸਾਂ ਨੀ ਸਾਂ, ਗਂ ਰੇਂ ਸਾਂ, ਨੀ ਸਾਂ ਨੀ ਰੇਂ ਸਾਂ ਗਂ ਰੇਂ ਸਾਂ, ਨੀ ਸਾਂ
ਰੇਂ ਨੀ ਧ

ਮ ਗ, ਮ ਧ ਪ, ਮ ਪ ਸਾਂ, ਨੀ ਸਾਂ ਗਂ ਰੇਂ ਸਾਂ, ਨੀ ਸਾਂ ਗਂ ਮਂ ਮਂ ਗਂ, ਰੇਂ ਸਾਂ, ਨੀ

ਸਾਂ ਗਂ ਮਂ ਸਾਂ ਗਂ ਮਂ ਪਂ, ਮਂ ਗਂ ਮਂ ਗਂ, ਪਂ ਗਂ ਰੇਂ ਸਾਂ, ਨੀ ਸਾਂ ਰੇਂ ਸਾਂ ਗਂ ਰੇਂ ਸਾਂ

ਨੀ ਸਾਂ ਰੇਂ ਸਾਂ ਰੇਂ ਨੀ ਧ ਪ, ਨੀ ਧ ਪ ਮ ਧ ਮ ਗ, ਮ ਗ, ਰੇ ਸਾ ।

ੴ ਸਤਿਗੁਰ ਪ੍ਰਸਾਦਿ ॥

ਜੈਤਸਰੀ ਮਹਲਾ ੯ ॥

ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ ॥ ੧ ॥ ਰਹਾਉ ॥
ਸਮਝ ਨ ਪਰੀ ਬਿਖੈ ਰਸ ਰਚਿਓ
ਜਸੁ ਹਰਿ ਕੋ ਬਿਸਰਾਇਓ ॥
ਸੰਗਿ ਸੁਆਮੀ ਸੋ ਜਾਨਿਓ ਨਾਹਿਨ
ਬਨੁ ਖੋਜਨ ਕੋ ਧਾਇਓ ॥ ੧ ॥
ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ
ਬਿਰਥਾ ਜਨਮੁ ਗਵਾਇਓ ॥ ੨ ॥ ੧ ॥

ਰਾਗ ਜੈਤਸਰੀ ਤਿੰਨਤਾਲ

ਸਥਾਈ :	ਸਾ ਗ	। ਗ ਪ ਮ ਧ	। । । ਮਧ ਮਗ ਮ ਗ
	ਭੂ ਲਿਓ	ਮ ਨ ਮਾ ਨ	ਇਅ ਨ ਉ ਰਿ
		0	3
ਪ ਗ – ਰੇ – ਝਾ ਨ ਨ ਨ ×	ਸਾ –, – – ਇਓ ਨ, ਨ ਨ 2	। ਮ ਪ ਨੀ ਸਾ ਜੋ ਨ ਜੋ ਨ 0	ਰੇ ਰੇ ਸਾ ਸਾ ਕ ਰ ਮ ਕੀ 3
ਪ । ਗ – ਮ ਗ ਓ ਨ ਲਾ ਨ ×	ਰੇ ਰੇ ਸਾ ਸਾ ਲ ਚ ਲ ਗਿ 2	। ਮ ਸਾ ਗ ਗ ਪ ਤਿ ਹ ਤਿ ਹ 0	। ਮ ਧ ਪ ਨੀ ਆ ਨ ਪ ਬੰ 3
। । । ਨੀਰੇਂ ਨੀਧ ਮਧ ਮਗ ਧਾ ਨ ਨਨ ਨਨ ਨਨ ×	। ਮਗ ਰੇਸਾ ਇਓ ਨਨ 2		
		। । **ਅੰਤਰਾ :—** ਮ ਗ ਮ ਧ ਸ ਮ ਝ ਨ 0	ਪ ਪ – ਪ ਪ ਰੀ ਨ ਬਿ 3
ਸਾਂ – ਸਾਂ ਸਾਂ ਖੈ ਨ ਰ ਸ ×	ਸਾਂ ਰੇਂ ਸਾਂ ਰ ਚਿ ਇਓ 2	। ਨੀ ਸਾਂ ਗਂ ਮਂ ਜ ਸ ਹ ਰਿ 0	ਗਂ ਰੇਂ ਸਾਂ ਸਾਂ ਕੌ ਨ ਬਿ ਸ 3
। । ਨੀ ਸਾਂ ਰੇਂ ਸਾਂ ਰਾ ਨ ਨ ਨ ×	ਰੇਂ ਨੀ ਧ ਪ ਇਓ ਨ ਨ 2	। । ਗਮ ਪਧ ਮਪ ਨੀਸਾਂ ਸੰਤ ਨਨ ਗਿਨ ਸੁਆ 0	ਰੇਂ ਨੀ ਧ ਪ ਨ ਮੀ ਸੋ ਨ 3
। । ਮ ਗ ਧ ਮ ਜਾ ਨ ਨਿਓ ×	। ਗ ਰੇ ਸਾ ਸ ਨਾ ਨ ਹਿ ਨ 2	। ਸਾ ਗ ਗ ਪ ਬ ਨ ਖੋ ਨ 0	। ਮ ਧ ਪ ਸਾਂ ਜ ਨ ਕਉ ਨ 3
। । ਰੇਂ ਨੀ ਧ ਪ ਮਗ ਧ ਮ ਧਾ ਨ ਨ ਨ ਨ ਨ ਨ ×	। ਗ ਰੇ ਸਾ ਇਓ ਨ 2		

ਜੈਤਸਰੀ ਮਹਲਾ ॥ ੯ ॥

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸ ਭਇਓ ਉਰਿ ਅੰਤਰਿ
ਸਰਨਿ ਗਹੀ ਕਿਰਪਾ ਨਿਧਿ ਤੇਰੀ ॥ ੧ ॥ ਰਹਾਉ ॥

ਮਹਾ ਪਤਿਤ ਮੁਗਧ ਲੋਭੀ ਫੁਨਿ
ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਨ
ਤਿਹ ਚਿੰਤਾ ਤਨੁ ਜਾਰਾ ॥ ੧ ॥

ਕੀਏ ਉਪਾਵ ਮਕਤਿ ਕੇ ਕਾਰਨਿ
ਦਹਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥ ੨ ॥

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ
ਕਉਨੁ ਕਰਮੁ ਅਬ ਕੀਜੈ ॥
ਨਾਨਕ ਹਾਰਿ ਪਰਿਓ ਸਰਨਾਗਤਿ
ਅਭੈ ਦਾਨੁ ਪ੍ਰਭ ਦੀਜੈ ॥ ੩ ॥ ੨ ॥

ਰਾਗ ਜੈਤਸਰੀ ਤਿੰਨਤਾਲ

ਸਥਾਈ :	ਸਾ ਗ	। ਗ ਪ ਮ ਧ	। । । ਮਧ ਮਗ ਮ ਗ
	ਭੂ ਲਿਓ	ਮ ਨ ਮਾ ਸ	ਇਅ ss ਉ ਰਿ
		0	3
ਪ ਗ – ਰੇ – ਝਾ ਸ ਸ ਸ ×	। ਸਾ –, – – ਇਓ ਸ, ਸ ਸ 2	। ਮ ਪ ਨੀ ਸਾ ਜੋ ਸ ਜੋ ਸ 0	। ਰੇ ਰੇ ਸਾ ਸਾ ਕ ਰ ਮ ਕੀ 3
ਪ । ਗ – ਮ ਗ ਓ ਸ ਲਾ ਸ ×	। ਰੇ ਰੇ ਸਾ ਸਾ ਲ ਚ ਲ ਗਿ 2	। ਮ ਸਾ ਗ ਗ ਪ ਤਿ ਹ ਤਿ ਹ 0	। ਮ ਧ ਪ ਨੀ ਆ ਸ ਪ ਬੰ 3
। । ਨੀਰੇ ਨੀਧ ਮਧ ਮਗ ਧਾ ਸ ss ss ss ×	। ਮਗ ਰੇਸਾ ਇਓ ss 2		
		। । **ਅੰਤਰਾ :—** ਮ ਗ ਮ ਧ ਸ ਮ ਝ ਨ 0	। ਪ ਪ – ਪ ਪ ਰੀ ਸ ਬਿ 3
। ਸਾਂ – ਸਾਂ ਸਾਂ ਖੈ ਸ ਰ ਸ ×	। ਸਾਂ ਰੇਂ ਸਾਂ ਰ ਚਿ ਇਓ 2	। ਨੀ ਸਾਂ ਗਂ ਮਂ ਜ ਸੁ ਹ ਰਿ 0	। ਗਂ ਰੇਂ ਸਾਂ ਸਾਂ ਕੌ ਸ ਬਿ ਸ 3
। । ਨੀ ਸਾਂ ਰੇਂ ਸਾਂ ਰਾ ਸ ਸ ਸ ×	। ਰੇਂ ਨੀ ਧ ਪ ਇਓ ਸ ਸ	। । ਗਮ ਪਧ ਮਪ ਨੀਸਾਂ ਸੰਤ ss ਗਿਤ ਸੁਆ 0	। ਰੇਂ ਨੀ ਧ ਪ ਸ ਮੀ ਸੌ ਸ 3
। । ਮ ਗ ਧ ਮ ਜਾ ਸ ਨਿਓ ×	। ਗ ਰੇ ਸਾ ਸ ਨਾ ਸ ਹਿ ਨ 2	। ਸਾ ਗ ਗ ਪ ਬ ਨ ਖੋ ਸ 0	। ਮ ਧ ਪ ਸਾਂ ਜ ਨ ਕਉ ਸ 3
। । ਰੇਂ ਨੀ ਧ ਪ ਮਗ ਧ ਮ ਧਾ ਸ ss ss ss ×	। ਗ ਰੇ ਸਾ ਇਓ ਸ 2		

ਜੈਤਸਰੀ ਮਹਲਾ ॥ ੯ ॥

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸ ਭਇਓ ਉਰਿ ਅੰਤਰਿ
ਸਰਨਿ ਗਹੀ ਕਿਰਪਾ ਨਿਧਿ ਤੇਰੀ ॥ ੧ ॥ ਰਹਾਉ ॥

ਮਹਾ ਪਤਿਤ ਮੁਗਧ ਲੋਭੀ ਫੁਨਿ
ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਨ
ਤਿਹ ਚਿੰਤਾ ਤਨੁ ਜਾਰਾ ॥ ੧ ॥

ਕੀਏ ਉਪਾਵ ਮਕਤਿ ਕੇ ਕਾਰਨਿ
ਦਹਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥ ੨ ॥

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ
ਕਉਨੁ ਕਰਮੁ ਅਬ ਕੀਜੈ ॥
ਨਾਨਕ ਹਾਰਿ ਪਰਿਓ ਸਰਨਾਗਤਿ
ਅਭੈ ਦਾਨੁ ਪ੍ਰਭ ਦੀਜੈ ॥ ੩ ॥ ੨ ॥

ਰਾਗ ਜੈਤਸਰੀ ਤਿੰਨਤਾਲ

		ਸਥਾਈ :—	ਨ਼ੀ ਸਾ ਗ ਪ ਮ ਨ ਰੇ ਸ 3
। ਮ ਧ ਪ — ਸਾ ਸ ਚਾ ਸ ×	। । ਮ ਧ ਮ ਗ ਗ ਹੋ ਸ ਬਿ 2	। ਮ ਗ ਰੇ ਸਾ ਚਾ ਸ ਰਾ ਸ 0	ਨ਼ੀ ਰੇ ਸਾ ਗ ਰਾ ਸ ਮ ਨਾ 3
ਰੇ ਰੇ ਸਾ ਸਾ ਸ ਮ ਬਿ ਨ ×	ਗ ਗ ਪ — ਮਿ ਬਿ ਆ ਸ 2	। ਮ ਧ ਪ — ਮਾ ਸ ਨੋ ਸ 0	। ਮ ਪ ਨ਼ੀ ਸਾਂ ਸ ਗ ਰੋ ਸ 3
ਰੇ ਨ਼ੀ ਧ ਪ ਇ ਹ ਸੰ ਸ ×	। । । ਗਮ ਪਧ ਮਪ ਮਗ ਸਾ ਸ ਸਸ ਸਸ ਸਸ 2	। । ਮਗ ਮਗ ਰੇਸਾ ਨ਼ੀਸਾ ਰਾ ਸ ਸਸ ਸਸ ਸਸ 0	
		ਅੰਤਰਾ :—	3। । ਪਮ ਧਪ ਮ ਪ ਜਾ ਸ ਸਸ ਕਉ ਸ 3
ਸਾਂ—ਸਾਂ— ਜੋ ਸ ਗੀ ਸ ×	ਸਾਂ — ਸਾਂ ਸਾਂ ਖੋ ਸ ਜ ਤ 2	ਨ਼ੀ ਰੇਂ ਸਾਂ — ਹਾ ਸ ਰੇ ਸ 0	ਨ਼ੀ ਰੇਂ ਸਾਂ ਗਂ ਪਾ ਸ ਇਓ ਨਾ 3
— ਰੇਂ ਸਾਂ ਸਾਂ ਸ ਹਿ ਤਿ ਹ ×	ਨ਼ੀ ਸਾਂ ਨ਼ੀਸਾਂ ਰੇਂ ਪਾ ਸ ਸਸ ਸ 2	ਰੇ ਨ਼ੀ ਨ਼ੀ ਧ ਪ ਰਾ ਸ ਸ ਸ 0	। । । ਮ ਧ ਮ ਗ ਮ ਧ ਸੋ ਸ ਸਸ ਸੁਆ ਸ 3
ਪ — ਪ ਪ ਮੀ ਸ ਤੁ ਮ ×	। । ਮ ਧ ਮ ਗ ਨਿ ਕ ਟਿ ਪ 2	। ਮ ਗ ਰੇ ਸਾ ਛਾ ਸ ਨੋ ਸ 0	ਨ਼ੀ — ਰੇਂ ਨ਼ੀ ਰੂ ਸ ਪ ਰੇ 3
— ਧ—ਪ — ਖ ਸਤੇਸ	। । । ਗਮ ਪਧ ਮਪ ਮਗ ਨਿਆ ਸਸ ਸਸ ਸਸ	। । ਮਗ ਮਗ ਰੇਸਾ ਨ਼ੀਸਾ ਰਾ ਸ ਸ ਸ ਸ ਸ	

ਰਾਗ ਟੋਡੀ

ਸੰਖੇਪ ਪਰਿਚਯ

ਟੋਡੀ, ਇਕ ਸਰਲ, ਮਧੁਰ ਅਤੇ ਆਲਾਪ ਪ੍ਰਧਾਨ ਰਾਗ ਹੈ। ਪੁਰਾਤਨ ਸੰਸਕ੍ਰਿਤ ਗ੍ਰੰਥਾਂ ਵਿਚ ਟੋਡੀ ਦਾ ਨਾਮ ਵਰਾਲੀ ਜਾਂ ਵਰਾਟੀ ਉਪਲਭਧ ਹੁੰਦਾ ਹੈ।

ਇਸ ਰਾਗ ਨੂੰ ਗ੍ਰੰਥਕਾਰਾਂ ਨੇ ਟੋਡੀ ਮੇਲ ਦੇ ਅੰਤਰਗਤ ਰੱਖਿਆ ਹੈ। ਇਸ ਵਿਚ ਰਿਸ਼ਭ ਗੰਧਾਰ ਧੈਵਤ ਕੋਮਲ (ਅਤੀ ਕੋਮਲ ਜਾਂ ਸਕਾਰੀ) ਮੱਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਟੋਡੀ ਦਾ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ। ਕੁਝ ਸੰਗੀਤ ਵੇਤਾ ਇਸ ਵਿਚ ਰਿਸ਼ਭ ਸੁਰ ਸੰਵਾਦੀ ਮੰਨਦੇ ਹਨ, ਪਰੰਤੂ ਪਹਿਲਾ ਵਿਚਾਰ ਵਧੇਰੇ ਠੀਕ ਹੈ। ਟੋਡੀ ਇਕ ਉਤ੍ਰਾਂਗ ਪ੍ਰਧਾਨ ਰਾਗ ਹੈ। ਇਸ ਦਾ ਵਿਸਤਾਰ ਤਿੰਨਾਂ ਸਪਤਕਾਂ ਵਿਚ ਸਮਾਨ ਰੂਪ ਤੋਂ ਹੁੰਦਾ ਹੈ। ਵਿਦਵਾਨਾਂ ਨੇ ਟੋਡੀ ਨੂੰ ਗੰਭੀਰ ਪ੍ਰਕ੍ਰਿਤੀ ਦਾ ਰਾਗ ਮੰਨਿਆ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਸੰਗੀਤਕਾਰਾਂ ਵਿਚ ਟੋਡੀ ਦੀ ਜਾਤੀ ਬਾਰੇ ਮਤ ਭੇਦ ਦ੍ਰਿਸ਼ਟੀਗੋਚਰ ਹੁੰਦਾ ਹੈ। ਕੁਝ ਕਲਾਕਾਰ ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨਦੇ ਹਨ ਅਤੇ ਕਈ ਸ਼ਾਡਵ-ਸੰਪੂਰਣ। ਸੰਪੂਰਣ-ਸੰਪੂਰਣ ਜਾਤੀ ਦੇ ਹਾਮੀ ਲੇਖਕ ਇਸ ਦੇ ਆਰੋਹ-ਅਵਰੋਹ ਵਿਚ ਸੱਤੇ ਸੁਰਾਂ ਦੀ ਵਰਤੋਂ ਕਰਦੇ ਹਨ ਅਤੇ ਸ਼ਾਡਵ-ਸੰਪੂਰਣ ਜਾਤੀ ਸਵੀਕਾਰਨ ਵਾਲੇ ਆਰੋਹ ਵਿਚ ਪੰਚਮ ਵਰਜਿਤ ਰਖਦੇ ਹਨ। ਟੋਡੀ ਵਿਚ ਪੰਚਮ ਕੋਈ ਬਹੁਤਾ ਮਹੱਤਵਪੂਰਣ ਸੁਰ ਨਹੀਂ ਹੈ। ਇਸ ਲਈ ਆਰੋਹ ਵਿਚ ਇਸ ਦਾ (ਪੰਚਮ) ਤਿਆਗ ਕਰਨ ਨਾਲ ਇਹ ਰਾਗ ਵਧੇਰੇ ਸਪੱਸ਼ਟ ਹੁੰਦਾ ਹੈ। ਸੋ ਇਸ ਦੀ ਜਾਤੀ ਸ਼ਾਡਵ-ਸੰਪੂਰਣ ਮੰਨਣਾ ਵਧੇਰੇ ਉਚਿੱਤ ਹੈ। ਇਸ ਰਾਗ ਵਿਚ "ਰੇ ਗ ਰੇ ਸਾ" ਸੁਰ ਸੰਗਤਿ ਵਿਸ਼ੇਸ਼ ਮਹੱਤਤਾ ਰਖਦੀ ਹੈ।

ਕਿਸੇ ਮਤ ਨੇ ਟੋਡੀ ਰਾਗ ਨੂੰ, ਰਾਗਣੀ ਸਮਝ ਕੇ ਬਸੰਤ ਦੇ ਲੜ ਲਾਇਆ, ਕਿਸੇ ਨੇ ਮਾਲਕੌਂਸ ਦੇ, ਅਤੇ ਕਿਸੇ ਨੇ ਦੀਪਕ ਦੇ। ਗੁਰੂ ਸਾਹਿਬਾਨ ਦੇ ਸਮਕਾਲੀ ਸੰਗੀਤ ਗ੍ਰੰਥਕਾਰ ਦੁਬਿਧਾ ਵਿਚ ਫਾਥੇ, ਕੋਈ ਇਕ ਕਿਸੇ ਰਾਗ ਨੂੰ ਰਾਗਣੀ ਆਖਦਾ ਹੈ, ਦੂਜਾ ਰਾਗ, ਤੀਜਾ ਧੀ ਅਤੇ ਚੌਥਾ ਉਸੇ ਨੂੰ ਪੁੱਤਰ ਮੰਨਦਾ ਹੈ। ਸਿੱਖ ਗੁਰੂਆਂ ਨੇ ਬਾਣੀ ਵਿਚ ਵਰਤੇ ਸਭ ਰਾਗਾਂ ਨੂੰ "ਰਾਗੁ" ਨਾਮ ਹੀ ਪ੍ਰਦਾਨ ਕੀਤਾ ਹੈ। ਜੇ ਕਰ ਅਸੀਂ, ਟੋਡੀ ਅਤੇ ਮਾਲਕੌਂਸ ਜਾਂ ਦੀਪਕ ਦੇ ਸਰੂਪ ਤੇ ਕ੍ਰਿਆਤਮਕ ਪੱਖੋਂ ਝਾਤ ਮਾਰੀਏ ਤਾਂ ਵੀ ਇਨ੍ਹਾਂ ਵਿਚ ਕੋਈ ਅਜਿਹਾ ਪਰਸਪਰ ਸੰਬੰਧ ਰਾਈ ਮਾਤਰ ਵੀ ਦਿਖਾਈ ਨਹੀਂ ਦਿੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟੋਡੀ ਨੂੰ ਰਾਗ ਹੀ ਲਿਖਿਆ ਮਿਲਦਾ ਹੈ।

ਆਰੋਹ:—ਸ ਰੇ ਗ, ਮ ਧ ਨੀ ਸਾਂ।

ਅਵਰੋਹ:—ਸਾਂ ਨੀ ਧ, ਪ ਮ ਗ ਰੇ ਗ ਰੇ ਸਾ।

ਮੁੱਖ ਅੰਗ:—ਧ ਨੀ ਮਾਰੇ ਗ, ਰੇ ਗ, ਮ ਰੇ ਗ, ਰੇ ਗ ਰੇ ਸਾ।

ਰਾਗ ਟੋਡੀ ਸੁਰ ਵਿਸਤਾਰ

1. ਸਾ, ਨ਼ੀ ਸਾ, ਨ਼ੀ ਸਾ ਰ੍ਹੇ ਸਾ ਧ੍ਹ ਧ੍ਹ, ਨ਼ੀ ਸਾ, ਧ੍ਹ ਨ਼ੀ ਸਾ ਰ੍ਹੇ, ਰ੍ਹੇ ਨ਼ੀ ਧ੍ਹ, ਧ੍ਹ ਨ਼ੀ
ਧ੍ਹ ਸਾ ਨ਼ੀ ਰ੍ਹੇ, ਰ੍ਹੇ ਸਾ ਨ਼ੀ ਸਾ, ਨ਼ੀ ਧ੍ਹਾ ਰ੍ਹੇ ਸਾ ਧ੍ਹ, ਨ਼ੀ ਧ੍ਹ ਪ ਮ ਧ੍ਹ, ਮ ਧ੍ਹ,

ਮ ਨ਼ੀ ਨ਼ੀ ਧ੍ਹ ਪ ਮ ਧ੍ਹ, ਮ ਧ੍ਹ ਨ਼ੀ ਸਾ, ਮ ਧ੍ਹ ਮ ਨ਼ੀ ਮ ਧ੍ਹ ਸਾ, ਧ੍ਹ ਨ਼ੀ ਸਾ ਰ੍ਹੇ,
ਧ੍ਹ ਨ਼ੀ ਨ਼ੀ ਸਾ ਸਾ ਰ੍ਹੇ ਧ੍ਹ ਨ਼ੀ ਸਾ ਰ੍ਹੇ ਗ੍ਹ, ਧ੍ਹ ਗ੍ਹ ਰ੍ਹੇ ਗ੍ਹ, ਰ੍ਹੇ ਸਾ, ਧ੍ਹ ਨ਼ੀ ਸਾ ਨ਼ੀ

ਸਾ ਰ੍ਹੇ ਗ੍ਹ ਰ੍ਹੇ ਗ੍ਹ, ਰ੍ਹੇ ਗ੍ਹ ਮ ਗ੍ਹ ਮ ਰ੍ਹੇ ਗ੍ਹ, ਰ੍ਹੇ ਗ੍ਹ ਰ੍ਹੇ ਸਾ ਨ਼ੀ ਨ਼ੀ ਰ੍ਹੇ ਸਾ।

2. ਸਾ ਰ੍ਹੇ ਗ੍ਹ, ਸਾ ਰ੍ਹੇ ਗ੍ਹ ਰ੍ਹੇ ਗ੍ਹ, ਸਾ ਰ੍ਹੇ ਸਾ ਗ੍ਹ ਰ੍ਹੇ ਗ੍ਹ, ਧ੍ਹ ਨ਼ੀ ਧ੍ਹ ਸਾ ਨ਼ੀ ਰ੍ਹੇ ਸਾ ਰ੍ਹੇ
ਗ੍ਹ ਰ੍ਹੇ ਗ੍ਹ, ਧ੍ਹ ਨ਼ੀ ਨ਼ੀ ਰ੍ਹੇ ਰ੍ਹੇ ਗ੍ਹ, ਰ੍ਹੇ ਮ ਗ੍ਹ ਮ ਰ੍ਹੇ ਗ੍ਹ, ਸਾ ਰ੍ਹੇ ਗ੍ਹ ਮ ਪ ਰ੍ਹੇ ਗ੍ਹ ਰ੍ਹੇ
ਸਾ, ਸਾ ਰ੍ਹੇ ਗ੍ਹ ਰ੍ਹੇ, ਗ੍ਹ ਮ ਧ੍ਹ ਪ, ਮ ਪ ਧ੍ਹ ਮ ਗ੍ਹ ਰ੍ਹੇ, ਗ੍ਹ ਗ੍ਹ ਰ੍ਹੇ ਸਾ ਸਾ ਰ੍ਹੇ ਗ੍ਹ ਮ
ਧ੍ਹ, ਧ੍ਹ ਧ੍ਹ ਪ ਮ ਗ੍ਹ ਰ੍ਹੇ ਗ੍ਹ ਮ ਧ੍ਹ, ਰ੍ਹੇ ਗ੍ਹ ਰ੍ਹੇ ਮ ਗ੍ਹ ਰ੍ਹੇ, ਗ੍ਹ ਮ ਗ੍ਹ ਪ ਮ ਗ
ਗ੍ਹ ਮ ਧ੍ਹ, ਗ੍ਹ ਮ ਧ੍ਹ ਨ਼ੀ ਮ ਨ਼ੀ ਨ਼ੀ ਧ੍ਹ, ਮ ਪ ਧ ਮ ਗ੍ਹ ਰ੍ਹੇ ਗ੍ਹ ਰ੍ਹੇ ਸਾ, ਨ਼ੀ ਨ਼ੀ
ਰ੍ਹੇ ਸਾ।

3. ਸਾ ਰ੍ਹੇ ਗ੍ਹ ਰ੍ਹੇ ਗ੍ਹ ਮ ਧ੍ਹ ਨ਼ੀ ਮ ਧ੍ਹ ਸਾ', ਨ਼ੀ ਸਾ', ਸਾ' ਨ਼ੀ ਧ੍ਹ ਪ ਮ ਗ੍ਹ ਮ ਧ੍ਹ ਸਾ',
ਨ਼ੀ ਸਾ', ਸਾ' ਨ਼ੀ ਧ੍ਹ ਮ ਧ੍ਹ ਨ਼ੀ ਸਾ' ਰ੍ਹੇ', ਧ੍ਹ ਰ੍ਹੇ' ਸਾ' ਰ੍ਹੇ' ਨ਼ੀ ਸਾ' ਧ੍ਹ ਨ਼ੀ ਮ ਧ੍ਹ ਮ ਸਾ',
ਧ੍ਹ ਨ਼ੀ ਸਾ' ਰ੍ਹੇ' ਗ੍ਹ', ਧ੍ਹ ਰ੍ਹੇ' ਸਾ' ਰ੍ਹੇ' ਗ੍ਹ' ਧ੍ਹ ਗ੍ਹ' ਰ੍ਹੇ' ਗ੍ਹ' ਮ' ਗ੍ਹ' ਮ' ਰ੍ਹੇ' ਗ੍ਹ', ਰ੍ਹੇ'
ਗ੍ਹ' ਸਾ', ਨ਼ੀ ਸਾ' ਰ੍ਹੇ' ਸਾ' ਧ੍ਹ, ਮ ਧ੍ਹ ਨ਼ੀ ਸਾ' ਨ਼ੀ ਧ੍ਹ, ਮ ਧ੍ਹ ਨ਼ੀ ਧ੍ਹ, ਮ ਧ੍ਹ ਪ, ਮ ਪ ਧ੍ਹ
ਮ ਗ੍ਹ ਰੇ, ਗ੍ਹ ਰ੍ਹੇ ਸਾ, ਨ਼ੀ ਨ਼ੀ ਰ੍ਹੇ ਸਾ।

ਟੋਡੀ ਮਹਲਾ ੯ ॥

ੴ ਸਤਿਗੁਰ ਪ੍ਰਸਾਦਿ ॥

ਕਹਉ ਕਹਾ ਅਪਨੀ ਅਧਮਾਈ ॥
ਉਰਝਿਓ ਕਨਕ ਕਾਮਨੀ ਕੇ ਰਸ
ਨਹ ਕੀਰਤਿ ਪ੍ਰਭ ਗਾਈ ॥ ੧ ॥ ਰਹਾਉ ॥
